

# ਮਹਿਕ-ਏ-ਵਤਨ

# Mehak E wattan

Fortnightly Newspaper



Hardev Brar
Chief Editor

• Vol-III • Issue- 07 • Phone : +64,274-427-338 +64 9 3900004 • www.mehakewattan.com • July 2025



05



ਭਾਰਤੀ ਮੂਲ ਦੀ ਅਨੀਸ਼ਾ ਸਾਥਿਕ ਆਸਟ੍ਰੇਲੀਆ 'ਚ ਲਾਪਤਾ

07



ਟਰੰਪ ਦਾ ਸਖ਼ਤ ਕਦਮ, ਅਮਰੀਕਾ 'ਚ ਰਹਿ ਰਹੇ ਈਰਾਨੀ ਗ੍ਰਿਫ਼ਤਾਰ

11



ਕਰੂਜ਼ ਦੇ ਆਕਾਰ 'ਚ ਬਣਿਆ 'ਦ ਲੂਈਸ' ਸਟੋਰ

15



ਨੀਰਜ ਚੋਪੜਾ ਜੈਵਲਿਨ ਥ੍ਰੋਅ ਰੈਂਕਿੰਗ 'ਚ ਫਿਰ ਤੋਂ ਚੋਟੀ 'ਤੇ


## ਵਿਕਟੋਰੀਆ ਦੇ ਨਵੇਂ ਪੁਲਿਸ ਚੀਫ਼ ਕਮਿਸ਼ਨਰ ਵਜੋਂ ਸਾਬਕਾ ਪੁਲਿਸ ਕਮਿਸ਼ਨਰ ਮਾਈਕ ਬੁਸ਼ ਨੇ ਚੁੱਕੀ ਸਹੁੰ

ਆਕਲੈਂਡ - ਨਿਊਜੀਲੈਂਡ ਦੇ ਸਾਬਕਾ ਪੁਲਿਸ ਕਮਿਸ਼ਨਰ ਮਾਈਕ ਬੁਸ਼ ਨੂੰ ਬੀਤੇ ਦਿਨ ਸਵੇਰੇ ਵਿਕਟੋਰੀਆ ਦੇ ਨਵੇਂ ਪੁਲਿਸ ਚੀਫ਼ ਕਮਿਸ਼ਨਰ ਵਜੋਂ ਅਧਿਕਾਰਿਕ ਤੌਰ 'ਤੇ ਸਹੁੰ ਚੁਕਵਾਈ ਗਈ।

ਸਹੁੰ ਸਮਾਰੋਹ ਵਿਕਟੋਰੀਆ ਪੁਲਿਸ ਅਕੈਡਮੀ, ਗਲੇਨ ਵੇਵਰਲੀ ਵਿੱਚ ਹੋਇਆ। ਮਾਈਕ ਬੁਸ਼ ਨੇ ਕਿਹਾ ਕਿ ਉਹ ਵਧ ਰਹੀ ਅਪਰਾਧ ਦਰ 'ਤੇ ਨਕੇਲ ਪਾਉਣ ਅਤੇ ਪੁਲਿਸ ਵਿਭਾਗ ਵਿੱਚ ਮਨੋਬਲ ਨੂੰ ਉਚਾ ਚੁੱਕਣ 'ਤੇ ਕੇਂਦਰਤ ਰਹਿਣਗੇ।



### ਅਗਲਾ ਕਦਮ ਕੀ ਹੋਵੇਗਾ?

ਮਾਈਕ ਬੁਸ਼ ਨੇ ਸੰਕਲਪ ਲਿਆ ਕਿ ਉਹ ਵਿਕਟੋਰੀਆ ਵਿੱਚ ਜਨਤਾ ਦੀ ਸੁਰੱਖਿਆ ਵਧਾਉਣ ਅਤੇ ਪੁਲਿਸ ਸੇਵਾਵਾਂ ਨੂੰ ਹੋਰ ਪੇਸ਼ੇਵਰ ਬਣਾਉਣ ਲਈ ਕੰਮ ਕਰਨਗੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪੁਲਿਸ ਫੋਰਸ ਦੇ ਅੰਦਰੂਨੀ ਮਸਲਿਆਂ, ਖਾਸ ਕਰਕੇ ਨੌਜਵਾਨ ਜਵਾਨਾਂ ਦੀ ਨਿਰਾਸ਼ਾ ਅਤੇ ਭਰੋਸੇ ਦੀ ਘਾਟ ਨੂੰ ਵੀ ਗੰਭੀਰਤਾ ਨਾਲ ਲਿਆ ਜਾਵੇਗਾ।

## ਆਕਲੈਂਡ ਦੀ ਮਸ਼ਹੂਰ ਟਰੱਕਿੰਗ ਕੰਪਨੀ ਦਾ ਨਿਕਲਿਆ ਦੀਵਾਲਾ



ਆਕਲੈਂਡ - ਆਕਲੈਂਡ ਦੀ ਮਸ਼ਹੂਰ ਟਰੱਕਿੰਗ ਕੰਪਨੀ, ਯੂਵੀ ਕੈਰੀਅਰਜ਼ ਇਸ ਵੇਲੇ ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ ਇੱਥੇ ਹੀ ਬੱਸ ਨਹੀਂ ਕੰਪਨੀ ਸੰਭਾਵੀ ਬੰਦ ਹੋਣ ਦੇ ਕਿਨਾਰੇ ਹੈ, ਜਿਸ ਕਾਰਨ ਇਸਦੇ ਕਰਮਚਾਰੀ ਵੀ ਬਿਨਾਂ ਤਨਖਾਹਾਂ ਦੇ ਕੰਮ ਕਰ ਰਹੇ ਹਨ ਅਤੇ ਕਾਨੂੰਨੀ ਲੜਾਈਆਂ ਦਾ ਸਾਹਮਣਾ ਕਰ ਰਹੇ ਹਨ। ਕਰਮਚਾਰੀ ਦਾਅਵਾ ਕਰ ਰਹੇ ਹਨ ਕਿ ਉਹਨਾਂ ਨੂੰ ਅਕਤੂਬਰ 2024 ਤੋਂ ਤਨਖਾਹਾਂ ਨਹੀਂ ਮਿਲੀਆਂ ਹਨ ਅਤੇ ਉਹਨਾਂ ਨੇ ਕੰਮ ਸੁਰੱਖਿਅਤ ਕਰਨ ਲਈ ਗੈਰ-ਕਾਨੂੰਨੀ ਨੌਕਰੀ ਪ੍ਰੀਮੀਅਮ ਅਦਾ ਕੀਤੇ ਸਨ, ਜਦੋਂ ਕਿ ਕੰਪਨੀ ਦੇ ਡਾਇਰੈਕਟਰ ਇਹਨਾਂ ਦਾਅਵਿਆਂ ਤੋਂ ਇਨਕਾਰ ਕਰਦੇ ਹਨ।

2 ਦਰਜਨ ਤੋਂ ਵਧੇਰੇ ਪੰਜਾਬੀ ਡਰਾਈਵਰਾਂ ਨੇ ਦਾਅਵਾ ਕਰਦੇ ਕਿਹਾ ਕਿ ਉਨ੍ਹਾਂ ਦੀ $13,000 ਅਤੇ $35,000 ਦੇ ਵਿਚਕਾਰ ਅਦਾਇਗੀ ਨਾ ਕੀਤੀ ਗਈ ਤਨਖਾਹ ਹੈ।

ਇਸ ਦੌਰਾਨ ਇੱਕ ਸਥਾਨਕ ਰਿਪੋਰਟ ਦੇ ਅਨੁਸਾਰ, ਆਕਲੈਂਡ-ਅਧਾਰਿਤ ਇੱਕ ਹੋਰ ਕੰਪਨੀ, ਆਰ-ਲਿਟਸ ਕੰਟਰੈਕਟਿੰਗ ਦਾ $7 ਮਿਲੀਅਨ ਤੋਂ ਵੱਧ ਦਾ ਬਕਾਇਆ ਹੈ, ਜੋ ਕਿ ਨਿਊਜ਼ੀਲੈਂਡ ਟਰੱਕਿੰਗ ਉਦਯੋਗ ਵਿੱਚ ਲਿਕਵੀਡੇਸ਼ਨ ਦੇ ਵੱਧ ਰਹੇ ਰੁਝਾਨ ਨੂੰ ਉਜਾਗਰ ਕਰਦੀ ਹੈ।

ਕੰਪਨੀ ਉੱਤੇ IRD ਦਾ $1.3 ਮਿਲੀਅਨ ਬਕਾਇਆ ਹੈ, ਜਦਕਿ ਹਾਰਟਲੈਂਡ ਬੈਂਕ ਨੇ ਮਾਰਚ ਵਿੱਚ 8 ਟਰੱਕ ਤੇ ਟ੍ਰੇਲਰ ਜ਼ਬਤ ਕਰ ਲਏ, ਕਿਉਂਕਿ $734,385 ਦੀ ਮੌਰਟਗੇ ਦੀ ਭੁਗਤਾਨੀ ਨਹੀਂ ਹੋਈ।


Rubal Singh

Ray White



CHAIRMANS ELITE PERFORMER 20-21

No. 1
RAY WHITE MANUKAU
2020-2021

Rubal Singh
021 333 350
rubal.singh@raywhite.com

www.rubalsingh.co.nz


## ਬ੍ਰਿਟਿਸ਼ ਕੋਲੰਬੀਆ ਦੀ ਮੰਤਰੀ ਦੇ ਦਫਤਰ ਦੇ ਬਾਹਰਵਾਰ ਧਮਾਕਾ



ਵੈਨਕੂਵਰ - ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਮੰਤਰੀ ਬੋਵਿਨ ਮਾ ਦੇ ਵੈਨਕੂਵਰ 'ਚ ਸਥਿਤ ਦਫ਼ਤਰ ਦੇ ਬਾਹਰਵਾਰ ਅੱਜ ਤੜਕਸਾਰ ਹੋਏ ਧਮਾਕਿਆਂ ਦੀ ਪੁਲਸ ਵੱਲੋਂ ਤੇਜ਼ੀ ਨਾਲ ਜਾਂਚ ਆਰੰਭ ਕਰ ਦਿੱਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਤੜਕਸਾਰ ਤਕਰੀਬਨ 2:45 ਵਜੇ ਉੱਤਰੀ ਵੈਨਕੂਵਰ ਦੀ ਲਾਸ ਡੀਲ ਇਲਾਕੇ 'ਚ ਉਹਨਾਂ ਦੇ ਸਰਕਾਰੀ ਦਫਤਰ ਮੂਹਰੇ ਇੱਕ ਜੋਰਦਾਰ ਧਮਾਕਾ ਹੋਇਆ, ਜਿਸ ਮਗਰੋਂ ਦਫਤਰ ਦਾ ਇੱਕ ਦਰਵਾਜ਼ਾ ਅਤੇ ਫਰੇਮ ਕਾਫੀ ਨੁਕਸਾਨਿਆ ਗਿਆ।

ਜਦੋਂ ਕਿ ਦੂਸਰਾ ਧਮਾਕਾ 4:15 ਵਜੇ ਹੋਇਆ। ਇਹਨਾਂ ਧਮਾਕਿਆਂ 'ਚ ਕਿਸੇ ਦਾ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਨਾ ਹੀ ਕਿਸੇ ਦੀ ਜਖਮੀ ਹੋਣ ਦੀ ਸੂਚਨਾ ਹੈ।

ਇਹਨਾਂ ਧਮਾਕਿਆਂ ਕਾਰਨ ਮੰਤਰੀ ਦਾ ਦਫਤਰ ਅੱਜ ਬੰਦ ਰੱਖਿਆ ਗਿਆ।


MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz


Harcourts Topline
THINKING OF BUYING OR SELLING
ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਤਜ਼ਰਬੇਕਾਰ ਸਲਾਹਕਾਰ
Hardev Brar
Sales Consultant
M 027 442 7338 P 09 620 6222
DDI 09 390 0004
hardev.brar@harcourts.co.nz
www.toplinerealty.co.nz
206 Stoddard Road, Mt Roskill, Auckland


BARFOOT & THOMPSON
KARAN SINGH
"The Key to Your Success"
020 4252 726
WANT TO SELL YOUR HOME?
Maximum Value • Fast Sale • Professional Service
Why Choose Karan Singh?
Free Market Analysis
Professional Photography
Strategic Marketing Plan
Expert Negotiation
Proven Track Record
Multilingual Service
Complete Real Estate Solutions
SELL
BUY
DEVELOP
INVEST


SPARKELS JEWELLERS
SPARKLE YOUR LIFE WITH SPARKLE JAWELLER
1. We Buy Gold Diamond & Coins
2. 22 kt., 9kt, 18kt & Diamond Jewellery
3. Jewellery Valuation
4. Jewellery Repairing
5. Lucky Stones
CALL: G S HAPPY
DDI 093901041
208, Great South Road Papatoetoe PH: 0800 030377


ਜੀ ਆਇਆਂ ਨੂੰ
093920400
ARDASS TRAVEL
ਦੁਨੀਆ ਭਰ ਵਿੱਚ ਕਿਤੇ ਵੀ ਟਰੈਵਲ ਕਰਨ ਲਈ ਸਭ ਤੋਂ ਸਸਤੀ ਟਿਕਟ ਪਾਓ ਸਿਰਫ ਅਰਦਾਸ ਟਰੈਵਲ
+64 2248 00000, 22481 0000, 093920400
info@ardasstravel.com
ardasstravel.com
185 Great South Road Manurewa Aukland 2102
72 O'Shannessey Street, Papakura, Auckland 2110, New Zealand
ਅਰਦਾਸ ਟਰੈਵਲ







## ਆਕਲੈਂਡ 'ਚ ਜਾਦੂਈ ਪਰਫਾਰਮੈਂਸ — 19 ਜੁਲਾਈ ਨੂੰ ਹੋਵੇਗਾ ਵੱਡਾ ਸੰਗੀਤ ਸਮਾਰੋਹ

ਆਕਲੈਂਡ - ਪੰਜਾਬੀ ਸੰਗੀਤ ਪ੍ਰੇਮੀਆਂ ਲਈ ਇੱਕ ਵੱਡੀ ਖ਼ਬਰ ਆ ਰਹੀ ਹੈ। ਪ੍ਰਸਿੱਧ ਗਾਇਕ ਤੇ ਸਟੇਜ ਪਰਫਾਰਮਰ ਤਰਸੇਮ ਜੱਸੜ, ਜੋ "ਟੁਰਬਨੇਟਰ" ਦੇ ਨਾਂ ਨਾਲ ਮਸ਼ਹੂਰ ਹਨ, ਇੱਕ ਵਾਰ ਫਿਰ ਆਪਣੀ ਵਾਪਸੀ ਕਰ ਰਹੇ ਹਨ।

"The Real Turbanatori s Back" ਦੇ ਨਾਂ ਹੇਠਾਂ ਇਹ ਧਮਾਕੇਦਾਰ ਲਾਈਵ ਸ਼ੋਅ 19 ਜੁਲਾਈ ਨੂੰ Due Drop Events Centre, Auckland ਵਿਖੇ ਹੋਣ ਜਾ ਰਿਹਾ ਹੈ।

ਇਹ ਇਵੈਂਟ Big Brother Producitons ਅਤੇBlackstone Producitons ਦੀ ਸਾਂਝੀ ਪੇਸ਼ਕਸ਼ ਹੈ, ਜਦਕਿ ਟੂਰ ਦੀ ਵਿਵਸਥਾ Clasisc Records ਵੱਲੋਂ ਕੀਤੀ ਜਾ ਰਹੀ ਹੈ।

ਇਹ ਸਮਾਰੋਹ ਸਿਰਫ਼ ਸੰਗੀਤਕ ਇਵੈਂਟ ਨਹੀਂ, ਸਗੋਂ ਇੱਕ ਇਤਿਹਾਸਿਕ ਮੌਕਾ ਹੋਵੇਗਾ ਜਿੱਥੇ ਦਰਸ਼ਕ ਆਪਣੇ ਮਨਪਸੰਦ ਕਲਾਕਾਰ ਨੂੰ ਨੇੜੇ ਤੋਂ ਵੇਖਣ ਦੇ ਨਾਲ-ਨਾਲ ਉਨ੍ਹਾਂ ਦੇ ਜੀਵੰਤ ਗੀਤਾਂ ਦਾ ਅਨੰਦ ਲੈ ਸਕਣਗੇ।

ਟਿਕਟਾਂ ਦੀ ਬੁਕਿੰਗ ਲਈ ਦਰਸ਼ਕ Eventifnda ਵੈਬਸਾਈਟ ਰਾਹੀਂ ਆਪਣੀ ਜਗ੍ਹਾ ਰਿਜ਼ਰਵ ਕਰ ਸਕਦੇ ਹਨ।

ਇਵੈਂਟ ਨਾਲ ਸੰਬੰਧਤ ਹੋਰ ਜਾਣਕਾਰੀ ਜਾਂ ਸਪਾਂਸਰਸ਼ਿਪ ਲਈ ਸੰਪਰਕ ਕਰੋ:

ਬਲਜੀਤ ਗਰੇਵਾਲ: +64 21 100 2288

ਮਯੂਰ ਭਾਰਦਵਾਜ: +64 21 144 2119

ਲਵਦੀਪ: +64 27 439 7050

ਇਸ ਇਵੈਂਟ ਲਈ ਵਿਸ਼ੇਸ਼ ਧੰਨਵਾਦ ਅਮਨ ਥਿੰਦ ਨੂੰ ਦਿੱਤਾ ਗਿਆ ਹੈ, ਜਿਨ੍ਹਾਂ ਦੀ ਯੋਗਦਾਨ ਨਾਲ ਇਹ ਸਮਾਰੋਹ ਸੰਭਵ ਹੋ ਰਿਹਾ ਹੈ। ਆਕਲੈਂਡ ਵਿੱਚ ਰਹਿਣ ਵਾਲੇ ਪੰਜਾਬੀ ਸੰਗੀਤ ਚਾਹਵਾਨਾਂ ਲਈ ਇਹ ਇਕ ਵਧੀਆ ਮੌਕਾ ਹੈ, ਜਿੱਥੇ ਉਹ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਇਕ ਅਣਭੁੱਲੀ ਸੰਗੀਤਕ ਰਾਤ ਦਾ ਆਨੰਦ ਲੈ ਸਕਣਗੇ।



Mehak E wattan
Fortnightly Newspaper
•Issue-07 • July 2025
www.mehakewattan.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

**ਜੀਵਨ ਇਤਿਹਾਸ**

# ਮਹਾਰਾਜਾ ਸ਼ੇਰ ਸਿੰਘ

**ਲੇਖਕ - ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**



ਇਸ ਬਾਰੇ ਕਲੂਡ ਵੈਡ ਪੁਲੀਟੀਕਲ ਏਜੰਟ ਲੁਧਿਆਣਾ ਆਪਣੀ ਡਾਇਰੀ ਵਿੱਚ ਲਿਖਦਾ ਹੈ :

"ਮਹਾਰਾਜਾ ਰਣਜੀਤ ਸਿੰਘ ਸ਼ਹਿਜ਼ਾਦਾ ਸ਼ੇਰ ਸਿੰਘ ਦੀ ਸੱਯਦ ਅਹਿਮਦ ਪਰ ਪ੍ਰਾਪਤ ਕੀਤੀ ਸਫ਼ਲਤਾ ਪਰ ਇੰਨੇ ਪ੍ਰਸੰਨ ਹੋਏ ਹਨ ਕਿ ਉਸ ਨੂੰ ਬਹੁਤ ਬੜੀ ਜਾਗੀਰ ਅਤੇ ਪੰਜਾਹ ਹਜ਼ਾਰ ਰੁਪਿਆ ਰੋਕ ਇਨਾਮ ਦਿੱਤਾ ਸੀ"।[1]

ਇਸ ਬਾਰੇ ਸੱਯਦ ਮੁਹੰਮਦ ਲਤੀਫ਼ ਅਤੇ ਕਈ ਹੋਰ ਇਤਿਹਾਸਕਾਰ ਸਹਿਮਤ ਹਨ ਕਿ ਮੁਜੈਦੀਨਾਂ ਦੀ ਬਾਲਾਕੋਟ ਦੀ ਹਾਰ ਨਾਲ ਉਨ੍ਹਾਂ ਦੀ ਜਹਾਦੀ ਲੜਾਈ ਦਾ ਪੂਰੀ ਤਰ੍ਹਾਂ ਅੰਤ ਹੋ ਗਿਆ।[2]

ਇਸ ਘਟਨਾ ਨੂੰ ਵਿਸਥਾਰ ਨਾਲ ਲਿਖਣ ਤੋਂ ਅਸਾਡਾ ਭਾਵ ਇਹ ਦੱਸਣਾ ਹੈ ਕਿ ਖ਼ਲੀਫ਼ਾ ਸੱਯਦ ਅਹਿਮਦ ਪਰ ਫ਼ਤਹਿ ਪਾਣੀ ਕੋਈ ਸਾਧਾਰਨ ਜਿਹੀ ਗੱਲ ਨਹੀਂ ਸੀ, ਸਗੋਂ ਇਹ ਸੰਸਾਰ ਦੇ ਮਹਾਨ ਕਾਰਨਾਮਿਆਂ ਵਿੱਚੋਂ ਇੱਕ ਸੀ, ਜਿਸ ਦੀ ਵਡਿਆਈ ਸ਼ਹਿਜ਼ਾਦਾ ਸ਼ੇਰ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਪ੍ਰਾਪਤ ਹੋਈ।

ਸ਼ਹਿਜ਼ਾਦਾ ਸ਼ੇਰ ਸਿੰਘ ਦਾ ਇਹ ਉਪਕਾਰ ਪੰਜਾਬ ਅਤੇ ਹਿੰਦ ਦੇ ਵਸਨੀਕ ਕਦੇ ਵੀ ਨਹੀਂ ਭੁਲਾ ਸਕਦੇ ਜਿਸ ਨੇ ਆਪਣੀ ਛਾਤੀ ਤਾਣ ਕੇ ਇਕ ਵੱਡੇ ਖ਼ਤਰੇ ਤੋਂ ਆਪਣੇ ਦੇਸ਼ ਵਾਸੀਆਂ ਨੂੰ ਬਚਾ ਲਿਆ। ਇਹ ਤੂਫ਼ਾਨ ਉਨ੍ਹਾਂ ਹੋ ਬੀਤੇ 800 ਸਾਲਾਂ ਦੇ ਪੁਰਾਣੇ ਤੂਫ਼ਾਨਾਂ ਤੋਂ ਵਧੇਰਾ ਭਿਆਨਕ ਸੀ।

## ਇਸ ਫ਼ਤਹ ਦਾ ਖ਼ਲੀਫ਼ਾ ਦੀ ਲਹਿਰ ਪਰ ਕੀ ਅਸਰ ਪਿਆ ?

ਸ਼ਹਿਜ਼ਾਦਾ ਸ਼ੇਰ ਸਿੰਘ ਦੀ ਬਾਲਾਕੋਟ ਦੀ ਫ਼ਤਹਿ ਦਾ ਖ਼ਲੀਫ਼ਾ ਅਹਿਮਦ ਸ਼ਾਹ ਦੀ ਚਲਾਈ ਹੋਈ ਜਹਾਦੀ ਲਹਿਰ ਪਰ ਕੀ ਪ੍ਰਭਾਵ ਪਿਆ, ਇਸ ਬਾਰੇ ਅਸੀਂ ਖ਼ਲੀਫ਼ਾ ਸਾਹਿਬ ਦਾ ਜੀਵਨ ਬਿਰਤਾਂਤ, ਮੌਲਾਨਾ ਮੁਹੰਮਦ ਜ਼ਾਫ਼ਰ ਦੇ ਆਪਣੇ ਸ਼ਬਦਾਂ ਵਿੱਚ ਹੇਠਾਂ ਦਿੰਦੇ ਹਾਂ। ਉਹ ਲਿਖਦਾ ਹੈ : "ਉਸ ਵਕਤ ਹਰ ਜ਼ਿੰਦਾ ਭੀ ਮੁਰਦੋਂ ਸੇ ਬਦਤਰ ਥਾ, ਇਸ ਹਾਲਤਯਾਸ (ਨਿਰਾਸਤਾ) ਮੇਂ ਲਸ਼ਕਰ ਇਸਲਾਮ ਅਪਨੇ ਸਰਦਾਰੋਂ ਸੇ ਖਾਲੀ ਬਾਲਾਕੋਟ ਕੀ ਤਰਫ਼ ਪਸਪਾਹ ਹੂਆ, ਉਸ ਵਕਤ ਲਸ਼ਕਰ ਪਰ ਕਰਬਲਾ ਕੀ ਘੜੀ ਨਾਜ਼ਲ ਹੋ ਰਹੀ ਥੀ। ਪਹਾੜੋਂ ਪਰ ਸੇ ਗੋਲੇ ਔਰ ਗੋਲੀਓਂ ਕਾ ਮੀਂਹ ਬਰਸ ਰਹਾ ਥਾ। ਬਵਕਤ ਵਾਪਸੀ ਵਹਾਂ ਕੇ ਖੇਤੋਂ ਅਵਰ ਦਲਦਲੋਂ ਮੇਂ ਹਜ਼ਾਰੋਂ ਆਦਮੀ ਸ਼ਹੀਦ ਹੋ ਗਏ। ਇਸ ਵਕਤ ਕੋਈ ਆਦਮੀ ਯਿਹ ਨਹੀਂ ਚਾਹਤਾ ਥਾ ਕਿ ਮੈਂ ਜ਼ਿੰਦਾ ਰਹੂੰ। ਹਿੰਮਤੇਂ ਪਸਤ (ਨਾਸ) ਹੋ ਗਈ ਥੀਂ, ਦਿਲ ਟੂਟ ਗਏ ਥੇ। ਜਾਨ ਵਬਾਲ ਹੋ ਗਈ ਥੀ। ਇਸ ਵਕਤ ਦੁਸ਼ਮਨੋਂ ਨੇ, ਪਹਾੜ ਸੇ ਨੀਚੇ ਉਤਰ ਕਰ ਔਰ ਬਾਲਾਕੋਟ ਮੇਂ ਪਹੁੰਚ ਕਰ ਖ਼ਲੀਫ਼ਾ ਕਾ ਕੁਲ ਸਾਮਾਨ ਲੂਟ ਲੀਆ।[1]"

## ਸ਼ਹਿਜ਼ਾਦਾ ਸ਼ੇਰ ਸਿੰਘ ਦਾ ਲਾਹੌਰ ਪਹੁੰਚਣਾ

ਫ਼ਤਹ ਕੀਤੇ ਇਲਾਕੇ ਦਾ ਯੋਗ ਪ੍ਰਬੰਧ ਕਰਨ ਦੇ ਉਪਰੰਤ ਸ਼ਹਿਜ਼ਾਦਾ ਸ਼ੇਰ ਸਿੰਘ ਸਣੇ ਵਿਜਯੀ ਫ਼ੌਜ ਦੇ ਜਦ ਲਾਹੌਰ ਪੁੱਜਾ ਤਾਂ ਇਹ ਦ੍ਰਿਸ਼ ਅਸਚਰਜ ਤੋਂ ਅਸਚਰਜ ਸੀ। ਇਹ ਅਜੇ ਸ਼ਾਹਦਰੇ ਤੋਂ ਪੰਜ ਕੋਹ ਦੀ ਵਿੱਥ 'ਤੇ ਹੀ ਸਨ ਕਿ ਅੱਗੋਂ 15,000 ਫ਼ੌਜ ਸਣੇ ਵਾਜਿਆਂ ਦੇ ਅਤੇ ਲਗਪਗ ਤਿੰਨ ਲੱਖ ਪੰਜਾਬ ਦੀ ਜਨਤਾ ਜਿਹੜੀ ਲਾਹੌਰ, ਅੰਮ੍ਰਿਤਸਰ ਅਤੇ ਨਾਲ ਲਾਗਵੇਂ ਦੇ ਇਲਾਕਿਆਂ ਤੋਂ ਆਪਣੇ ਪਿਆਰੇ ਜੇਤੂ ਸ਼ਹਿਜ਼ਾਦੇ ਦੀ ਅਗਵਾਈ ਲਈ ਪੁੱਜੀ ਹੋਈ ਸੀ। ਇਸ ਦਰਸ਼ਕ ਰਸਤੇ ਦੇ ਦੋਹੀਂ ਪਾਸੀਂ ਪੰਗਤ ਬਣਾ ਕੇ ਖੜੇ ਸਨ। ਇਨ੍ਹਾਂ ਵਿਚੋਂ ਜਦ ਸ਼ਹਿਜ਼ਾਦਾ ਸਣੇ ਆਪਣੇ ਸਾਥੀਆਂ ਦੇ ਲੰਘ ਰਿਹਾ ਸੀ ਤਾਂ ਇਹ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਆਕਾਸ਼ ਗੂੰਜਾ ਰਹੇ ਸਨ। ਇਸ ਦੇ ਨਾਲ ਹੀ ਅਣਗਿਣਤ ਹੱਥਾਂ ਨੇ ਪੁਸ਼ਪ ਵਰਖਾ ਕੀਤੀ ਅਤੇ ਬੁੱਕਾਂ ਭਰ ਭਰ ਕੇ ਰੁਪਏ ਇਨ੍ਹਾਂ ਦੇ ਸਿਰਾਂ ਤੋਂ ਵਾਰੇ। ਇਹ ਭਾਰੀ ਜਲੂਸ ਜਦ ਦਰਿਆ ਰਾਵੀ ਤੋਂ ਬੇੜੀਆਂ ਦੇ ਪੁੱਲ ਦੇ ਰਾਹੀਂ ਪਾਰ ਪੁੱਜਾ ਤਾਂ ਕਿਲ੍ਹੇ ਤੋਂ ਭਾਰੀਆਂ ਤੋਪਾਂ ਨੇ ਸਲਾਮੀ ਉਤਾਰੀ, ਜਿਨ੍ਹਾਂ ਦੀ ਗਰਜ ਨਾਲ ਧਰਤ, ਆਕਾਸ਼ ਥਰਰਾ ਉਠੇ। ਕਿਲ੍ਹੇ ਦੇ ਸਾਹਮਣੇ[2] ਬਹੁਤ ਸਾਰਾ ਸ਼ਾਹੀ ਦਰਬਾਰ ਸੱਜ ਰਿਹਾ ਸੀ, ਜਿਸ ਵਿੱਚ ਸ਼ੇਰਿ ਪੰਜਾਬ ਸਣੇ ਹੋਰਨਾਂ ਸ਼ਹਿਜ਼ਾਦਿਆਂ ਅਤੇ ਦਰਬਾਰੀਆਂ ਦੇ ਉਡੀਕਾਂ ਵਿੱਚ ਰਾਹ ਤੱਕ ਰਹੇ ਸਨ। ਇੰਨੇ ਨੂੰ ਸ਼ਹਿਜ਼ਾਦਾ ਸ਼ੇਰ ਸਿੰਘ ਦੀ ਸਵਾਰੀ ਸਾਹਮਣੇ ਆਈ ਤਾਂ ਸਾਰੇ ਦਰਬਾਰੀਆਂ ਅਤਿ ਪਿਆਰ ਵਿੱਚ ਸ਼ਹਿਜ਼ਾਦੇ ਦੀ ਅਗਵਾਈ ਜੈ ਜੈਕਾਰੇ ਵਿਚ ਕੀਤੀ। ਇਸ ਸਮੇਂ ਜਦ ਸ਼ਹਿਜ਼ਾਦਾ ਘੋੜੇ ਤੋਂ ਛਲਾਂਗ ਮਾਰ ਕੇ ਉਤਰਿਆਂ ਅਤੇ ਆਪਣੇ ਸਤਿਕਾਰ ਯੋਗ ਪਿਤਾ ਦੀ ਚਰਨ-ਬੰਧਨਾ ਲਈ ਝੁਕਿਆ ਹੀ ਸੀ, ਅਗੋਂ ਪਿਆਰ ਵਿਚ ਬੇਵੱਸ ਹੋਏ ਮਹਾਰਾਜ ਨੇ ਆਪਣੇ ਬਹਾਦਰ ਸਪੁੱਤਰ ਨੂੰ ਜੱਫੀ ਪਾ ਕੇ ਆਪਣੇ ਗਲੇ ਨਾਲ ਲਾ ਲਿਆ ਅਤੇ ਕਈ ਵਾਰੀ ਆਪ ਦਾ ਮੂੰਹ ਚੁੰਮਿਆ ਅਤੇ ਹਜ਼ਾਰਾਂ ਰੁਪਏ ਆਪ ਦੇ ਸੀਸ ਤੋਂ ਵਾਰੇ ਅਤੇ ਆਪਣੇ ਸਪੁੱਤਰ ਨੂੰ ਆਖਿਆ, "ਮੇਰੇ ਲਾਲ ਜੀ ! ਤੂੰ ਮੇਰੀ ਪੱਤ ਨੂੰ ਵਧਾਣ ਵਾਲਾ ਅਤੇ ਖ਼ਾਲਸਾ ਰਾਜ ਨੂੰ ਵੈਰੀਆਂ ਤੋਂ ਬਚਾਣ ਵਾਲਾ ਹੈਂ, ਅਕਾਲ ਪੁਰਖ ਸਦਾ ਤੇਰਾ ਸਹਾਈ ਹੋਵੇ।" ਫਿਰ ਆਪਣੇ ਪਾਸ ਵਾਲੀ ਸੁਨਹਿਰੀ ਕੁਰਸੀ ਪਰ ਆਪਣੇ ਨਾਲ ਬਿਠਾ ਲਿਆ। ਹੁਣ ਬਾਲਾਕੋਟ ਦੀ ਫ਼ਤਹਿ ਅਤੇ ਖ਼ਲੀਫ਼ਾ ਅਹਿਮਦ ਸ਼ਾਹ ਬਾਰੇ ਇੱਕ ਇੱਕ ਗੱਲ ਪੁੱਛਦੇ ਰਹੇ। ਕੰਵਰ ਜੀ ਯੋਗ ਸ਼ਬਦਾਂ ਵਿੱਚ ਅਦਬ ਨਾਲ ਉੱਤਰ ਦਿੰਦੇ ਰਹੇ, ਅਗੋਂ ਸ਼ਾਰੇ ਦਰਬਾਰੀ ਬੜੇ ਧਿਆਨ ਨਾਲ ਸੁਣਦੇ ਰਹੇ। ਜਦੋਂ ਖ਼ਲੀਫ਼ੇ ਦਾ ਸ਼ਾਹਜ਼ਾਦੇ ਪਰ ਵਾਰ ਦਾ ਜ਼ਿਕਰ ਆਇਆ ਤੇ ਜਿਸ ਤਰ੍ਹਾਂ ਆਪ ਨੇ ਉਸ ਦੀ ਸ਼ਮਸ਼ੀਰ ਨੂੰ ਆਪਣੀ ਖੜਗ ਨਾਲ ਕੱਟ ਕੇ ਉਸ ਨੂੰ ਇੱਕ ਸੱਟ ਨਾਲ ਝਟਕਾਅ ਸੁੱਟਣ ਦਾ ਸਮਾਚਾਰ ਸੁਣਾਇਆ, ਇਹ ਸੁਣ ਕੇ ਸਾਰੇ ਦਰਬਾਰੀ ਅਤੇ ਮਹਾਰਾਜਾ ਸਾਹਿਬ ਵਾਹ ! ਵਾਹ !! ਕਰ ਉਠੇ। ਇਸ ਤਰ੍ਹਾਂ ਇਹ ਭਾਰੀ ਦਰਬਾਰ ਸਮਾਪਤ ਹੋਇਆ।

## ਕਸ਼ਮੀਰ ਦੀ ਗਵਰਨਰੀ

ਕੰਵਰ ਸ਼ੇਰ ਸਿੰਘ ਨੂੰ ਹੋਰ ਮਾਣ ਬਖ਼ਸ਼ਿਆ ਗਿਆ। ਇਹ ਤਾਂ ਪਾਠਕ ਪੜ੍ਹ ਹੀ ਚੁੱਕੇ ਹਨ ਕਿ ਖ਼ਲੀਫ਼ਾ ਸੱਯਦ ਅਹਿਮਦ ਦੀ ਜਹਾਦੀ ਲਹਿਰ ਦਾ ਸਦਾ ਲਈ ਅੰਤ ਕਰ ਦੇਣ ਦੇ ਬਦਲੇ ਮਹਾਰਾਜਾ ਸਾਹਿਬ ਵਲੋਂ ਕੰਵਰ ਸ਼ੇਰ ਸਿੰਘ ਨੂੰ ਇੱਕ ਵੱਡੀ ਜਾਗੀਰ ਅਤੇ ਭਾਰੀ ਇਨਾਮ ਮਿਲ ਚੁੱਕਾ ਸੀ, ਪਰ ਸ਼ੇਰਿ ਪੰਜਾਬ ਦਾ ਕਦਰਦਾਨ ਮਨ ਸ਼ਾਹਜ਼ਾਦੇ ਨੂੰ ਇਸ ਮਹਾਨ ਕਰਨੀ ਦੀ ਖ਼ੁਸੀ ਵਿੱਚ ਅਜੇ ਹੋਰ ਵਡਿਆਈ ਬਖ਼ਸ਼ਣ ਦਾ ਇੱਛਾਵਾਨ ਸੀ। ਠੀਕ ਇਨ੍ਹਾਂ ਦਿਨਾਂ ਵਿੱਚ ਕਸ਼ਮੀਰ ਦੇ ਗਵਰਨਰ, ਦੀਵਾਨ ਕਿਰਪਾ ਰਾਮ ਦੀ ਪਰਜਾ ਦੇ ਦੁੱਖ ਸੁੱਖ ਵਲੋਂ ਅਰੁੱਚੀ, ਸਰਕਾਰੀ ਮਾਮਲੇ ਤੇ ਹੋਰਨਾਂ ਸ਼ਾਹੀ ਹੱਕਾਂ ਦੀ ਵਸੂਲੀ ਵਲੋਂ ਅਸਾਵਧਾਨਤਾ ਦੇ ਸਮਾਚਾਰ ਜਦ ਸਰਕਾਰ ਨੂੰ ਪੁੱਜੇ ਤਾਂ ਮਹਾਰਾਜਾ ਸਾਹਿਬ ਨੇ ਜਮਾਂਦਾਰ ਖ਼ੁਸ਼ਹਾਲ ਸਿਘ ਨੂੰ ਬਕਾਏ ਦੀ ਵਸੂਲੀ ਲਈ ਸ਼ੀਘਰ ਹੀ ਕਸ਼ਮੀਰ ਭੇਜ ਦਿੱਤਾ। ਜਮਾਂਦਾਰ ਨੇ ਕਸ਼ਮੀਰ ਪੁੱਜ ਕੇ ਕਿਰਪਾ ਰਾਮ ਦੇ ਵਿਭਚਾਰੀ ਅਤੇ ਵਿਕਾਰਾਂ ਬਾਰੇ ਜੋ ਰਿਪੋਰਟ ਭੇਜੀ[1] ਉਸ ਦੇ ਸੁਣਨ ਨਾਲ ਮਹਾਰਾਜਾ ਸਾਹਿਬ ਅਤਿ ਦੁਖੀ ਹੋਏ। ਆਪ ਨੇ ਉਸੀ ਸਮੇਂ ਫ਼ੈਸਲਾ ਕਰ ਲਿਆ ਕਿ ਕਿਰਪਾ ਰਾਮ ਨੂੰ ਛੇਤੀ ਹੀ ਕਸ਼ਮੀਰ ਦੀ ਗਵਰਨਰੀ ਤੋਂ ਹਟਾ ਲੈਣਾ ਉਚਿਤ ਹੈ।

ਹੁਣ ਦੂਜਾ ਪ੍ਰਸ਼ਨ ਇਹ ਸਾਹਮਣੇ ਆਇਆ ਕਿ ਉਸ ਦੀ ਖ਼ਾਲੀ ਥਾਂ ਨੂੰ ਪੁਰ ਕਰਨ ਲਈ ਕਿਹੜਾ ਯੋਗ ਵਿਅਕਤੀ ਚੁਣਿਆ ਜਾਵੇ। ਲੰਮੀ ਵਿਚਾਰ ਦੇ ਉਪਰੰਤ ਮਹਾਰਾਜਾ ਸਾਹਿਬ ਨੇ ਸਣੇ ਆਪਣੇ ਵਜ਼ੀਰਾਂ ਤੇ ਸਲਾਹਕਾਰਾਂ ਦੇ ਇਹ ਸੰਮਿਲਤ ਫ਼ੈਸਲਾ ਕੀਤਾ ਕਿ ਇਸ ਜ਼ਿੰਮੇਵਾਰੀ ਦੇ ਅਹੁਦੇ ਲਈ ਇਸ ਸਮੇਂ ਸ਼ਹਿਜ਼ਾਦਾ ਸ਼ੇਰ ਸਿੰਘ ਤੋਂ ਵੱਧ ਯੋਗ ਹੋਰ ਕੋਈ ਨਹੀਂ ਦਿੱਸਦਾ। ਇਸ ਵਿਚਾਰ ਅਨੁਸਾਰ ਕੰਵਰ ਸ਼ੇਰ ਸਿੰਘ ਨੂੰ ਕਸ਼ਮੀਰ ਦਾ ਗਵਰਨਰ ਨਿਯੁਕਤ ਕੀਤਾ ਗਿਆ।

### ਕਸ਼ਮੀਰ ਦਾ ਕੁਦਰਤੀ ਚਿੱਤਰ

ਕਸ਼ਮੀਰ ਹਿੰਦ ਦੀਆਂ ਸਾਰੀਆਂ ਰਿਆਸਤਾਂ ਵਿਚੋਂ ਵੱਡੀ ਰਿਆਸਤ ਹੈ। ਹੈਦਰਾਬਾਦ ਦੱਖਣ ਆਪਣੇ ਵੱਡ-ਪੁਣੇ ਲਈ ਪ੍ਰਸਿੱਧ ਹੈ ਪਰ ਕਸ਼ਮੀਰ ਦਾ ਰਕਬਾ ਹੈਦਰਾਬਾਦ ਤੋਂ ਖਾਸਾ ਵੱਡਾ ਹੈ। ਇਸ ਦੇ ਵੱਡ-ਪੁਣੇ ਨੂੰ ਹੋਰ ਵਧੇਰਾ ਸਮਝਣ ਲਈ ਇਥੇ ਇਸ ਦਾ ਵੇਰਵਾ ਦੇਣਾ ਅਯੋਗ ਨਹੀਂ

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ



# ਜੈਨੇਟਿਕ ਦਿਲ ਦੀਆਂ ਬਿਮਾਰੀਆਂ ਨਾਲ ਜੂਝ ਰਹੇ ਬੱਚਿਆਂ ਲਈ ਆਸ ਦੀ ਕਿਰਨ



ਸਿਡਨੀ- ਆਸਟ੍ਰੇਲੀਆਈ ਵਿਗਿਆਨੀਆਂ ਨੇ ਦਿਲ ਦੇ ਟਿਸ਼ੂ ਵਿਕਸਤ ਕਰਕੇ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ ਜੋ ਬਾਲਗਾਂ ਦੇ ਦਿਲ ਦੀਆਂ ਮਾਸਪੇਸ਼ੀਆਂ ਵਰਗਾ ਹੈ ਅਤੇ ਬੱਚਿਆਂ ਦੇ ਜੈਨੇਟਿਕ ਦਿਲ ਦੀਆਂ ਬਿਮਾਰੀਆਂ ਦੇ ਇਲਾਜ ਵਿੱਚ ਪ੍ਰਭਾਵਸ਼ਾਲੀ ਸਾਬਤ ਹੋ ਸਕਦਾ ਹੈ। ਥ੍ਰੀ ਬਰਘੋਫਰ ਮੈਡੀਕਲ ਰਿਸਰਚ ਇੰਸਟੀਚਿਊਟ, ਮੈਲਬੌਰਨ ਸਥਿਤ ਮਰਡੋਕ ਚਿਲਡਰਨਜ਼ ਰਿਸਰਚ ਇੰਸਟੀਚਿਊਟ ਅਤੇ ਰਾਇਲ ਚਿਲਡਰਨਜ਼ ਹਸਪਤਾਲ ਨੇ ਜਾਰੀ ਇੱਕ ਸਾਂਝੀ ਰਿਲੀਜ਼ ਵਿੱਚ ਇਹ ਜਾਣਕਾਰੀ ਦਿੱਤੀ।

ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਵਿਗਿਆਨੀਆਂ ਨੇ ਪ੍ਰਯੋਗਸ਼ਾਲਾ ਵਿੱਚ ਦਿਲ ਦੇ ਟਿਸ਼ੂ ਨੂੰ ਸਫਲਤਾਪੂਰਵਕ ਵਿਕਸਤ ਕੀਤਾ ਹੈ। ਇਸਨੂੰ ਕਾਰਡੀਅਕ ਆਰਗੇਨੋਇਡਜ਼ ਵਜੋਂ ਜਾਣਿਆ ਜਾਂਦਾ ਹੈ ਅਤੇ ਇਹ ਬਾਲਗ ਮਨੁੱਖੀ ਦਿਲ ਦੀਆਂ ਮਾਸਪੇਸ਼ੀਆਂ ਨਾਲ ਮਿਲਦਾ-ਜੁਲਦਾ ਹੈ। ਮਨੁੱਖੀ ਪਲੂਰੀਪੋਟੈਂਟ ਸਟੈਮ ਸੈੱਲਾਂ ਤੋਂ ਬਣਾਏ ਗਏ ਇਹ ਆਰਗੇਨੋਇਡਜ਼ ਇੱਕ ਮਹੱਤਵਪੂਰਨ ਪੜਾਅ ਨੂੰ ਪਾਰ ਕਰ ਗਏ ਹਨ। ਰਵਾਇਤੀ ਤੌਰ 'ਤੇ ਸਟੈਮ ਸੈੱਲਾਂ ਤੋਂ ਪ੍ਰਾਪਤ ਦਿਲ ਦੇ ਸੈੱਲ ਅਪੂਰਣ ਰਹਿੰਦੇ ਹਨ। ਖੋਜੀਆਂ ਨੇ ਕਸਰਤ ਦੇ ਪ੍ਰਭਾਵਾਂ ਦੀ ਨਕਲ ਕਰਨ ਲਈ ਖਾਸ ਜੈਵਿਕ ਮਾਰਗਾਂ ਨੂੰ ਸਰਗਰਮ ਕੀਤਾ, ਜਿਸ ਨਾਲ ਸੈੱਲ ਅਸਲ ਬਾਲਗ ਦਿਲ ਦੇ ਟਿਸ਼ੂ ਵਾਂਗ ਵਿਵਹਾਰ ਕਰਦੇ ਹਨ। ਵਿਗਿਆਨੀਆਂ ਦੀ ਇਹ ਖੋਜ 'ਨੇਚਰ ਕਾਰਡੀਓਵੈਸਕੁਲਰ' ਰਿਸਰਚ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ।

ਵਿਗਿਆਨੀਆਂ ਅਨੁਸਾਰ ਇਹ ਖੋਜ ਇਹ ਦੇਖਣ ਲਈ ਕੀਤੀ ਗਈ ਹੈ ਕਿ ਦਿਲ ਦੀਆਂ ਸਥਿਤੀਆਂ ਲਈ ਨਵੀਆਂ ਦਵਾਈਆਂ ਦੀ ਜਾਂਚ ਕਰਨ ਲਈ ਕਿਵੇਂ ਉੱਨਤ ਕਾਰਡੀਅਕ ਆਰਗੇਨੋਇਡਜ਼ ਦੀ ਵਰਤੋਂ ਕੀਤੀ ਜਾ ਸਕਦੀ ਹੈ। ਥ੍ਰੀ ਬਰਘੋਫਰ ਵਿਖੇ ਕਾਰਡੀਅਕ ਬਾਇਓਇੰਜੀਨੀਅਰਿੰਗ ਲੈਬ ਦੇ ਜੇਮਜ਼ ਹਡਸਨ ਨੇ ਕਿਹਾ, "ਇਸ ਤਰੀਕੇ ਨਾਲ ਦਿਲ ਦੀਆਂ ਬਿਮਾਰੀਆਂ ਦਾ ਅਧਿਐਨ ਕਰਨ ਦਾ ਇੱਕ ਬਹੁਤ ਵੱਡਾ ਫਾਇਦਾ ਹੈ। ਮਨੁੱਖੀ ਦਿਲ ਦੇ ਅੰਗਾਂ ਦੀ ਵਰਤੋਂ ਕਰਕੇ ਅਸੀਂ ਹੋਰ ਬਹੁਤ ਸਾਰੇ ਮਿਸ਼ਰਣਾਂ ਦੀ ਜਾਂਚ ਕਰ ਸਕਦੇ ਹਾਂ, ਜੋ ਦਵਾਈ ਦੇ ਵਿਕਾਸ ਦੀ ਪ੍ਰਕਿਰਿਆ ਨੂੰ ਤੇਜ਼ ਕਰ ਸਕਦੇ ਹਨ। ਇਹਨਾਂ ਅੰਗਾਂ ਦੀ ਵਰਤੋਂ ਕਰਕੇ, ਖੋਜੀਆਂ ਨੇ ਜੈਨੇਟਿਕ ਦਿਲ ਦੀਆਂ ਬਿਮਾਰੀਆਂ ਦੇ ਮਾਡਲ ਬਣਾਏ, ਜਿਸ ਵਿੱਚ ਡੇਸਮੋਪਲਾਕਿਨ ਕਾਰਡੀਓਮਾਇਓਪੈਥੀ ਦਾ ਅਧਿਐਨ ਕਰਨਾ ਮੁਸ਼ਕਲ ਵੀ ਸ਼ਾਮਲ ਹੈ

# ਭਾਰਤੀ ਮੂਲ ਦੀ ਅਨੀਸ਼ਾ ਸਾਥਿਕ ਆਸਟ੍ਰੇਲੀਆ 'ਚ ਲਾਪਤਾ




ਸਿਡਨੀ- ਆਸਟ੍ਰੇਲੀਆ ਵਿਚ ਭਾਰਤੀ ਮੂਲ ਦੀ 18 ਸਾਲਾ ਅਨੀਸ਼ਾ ਸਾਥਿਕ ਦੇ ਲਾਪਤਾ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਨਿਊ ਸਾਊਥ ਵੇਲਜ਼ (ਸ਼ਾਂ) ਪੁਲਸ ਨੇ ਅਨੀਸ਼ਾ ਸਾਥਿਕ ਨੂੰ ਲੱਭਣ ਲਈ ਜਨਤਾ ਤੋਂ ਮਦਦ ਮੰਗੀ ਹੈ। ਭਾਰਤੀ ਮੂਲ ਦੀ ਕਿਸ਼ੋਰੀ ਔਬਰਨ ਤੋਂ ਲਾਪਤਾ ਹੋਈ ਹੈ।

ਅਨੀਸ਼ਾ ਨੂੰ ਆਖਰੀ ਵਾਰ 23 ਜੂਨ ਨੂੰ ਦੁਪਹਿਰ 1 ਵਜੇ ਦੇ ਕਰੀਬ ਪਾਰਕ ਰੋਡ 'ਤੇ ਦੇਖਿਆ ਗਿਆ ਸੀ। ਬਾਅਦ ਵਿੱਚ ਉਸਨੂੰ ਉਸੇ ਦਿਨ ਦੁਪਹਿਰ 3:15 ਵਜੇ ਦੇ ਕਰੀਬ ਹੈਰੋ ਰੋਡ 'ਤੇ ਤੁਰਦੇ ਅਤੇ ਨੌਰਮਨ ਪਾਰਕ ਵਿੱਚ ਦਾਖਲ ਹੁੰਦੇ ਦੇਖਿਆ ਗਿਆ ਹੋ ਸਕਦਾ ਹੈ। ਦੋਵਾਂ ਥਾਵਾਂ ਵਿਚਕਾਰ ਦੂਰੀ ਲਗਭਗ 5 ਕਿਲੋਮੀਟਰ ਹੈ।

ਪੁਲਸ ਦੇ ਬਿਆਨ ਅਨੁਸਾਰ ਅਨੀਸ਼ਾ ਭਾਰਤੀ/ਉਪ-ਮਹਾਂਦੀਪੀ ਦਿੱਖ ਵਾਲੀ ਹੈ, ਲਗਭਗ 180 ਸੈਂਟੀਮੀਟਰ ਲੰਬੀ, ਪਤਲੀ, ਲੰਬੇ ਕਾਲੇ ਵਾਲਾਂ ਅਤੇ ਭੂਰੀਆਂ ਅੱਖਾਂ ਵਾਲੀ। ਉਸਨੇ ਕਾਲੇ ਹੁੱਡ ਵਾਲਾ ਜੰਪਰ, ਕਰੀਮ ਪਿੰਨਸਟ੍ਰਾਈਪਾਂ ਵਾਲੀ ਕਾਲੀ ਪੈਂਟ, ਚਿੱਟੇ ਜੁੱਤੇ ਅਤੇ ਸੋਨੇ ਦੀਆਂ ਵਾਲੀਆਂ ਪਾਈਆਂ ਹੋਈਆਂ ਸਨ। ਪੁਲਸ ਦਾ ਮੰਨਣਾ ਹੈ ਕਿ ਉਹ ਸੰਭਵ ਤੌਰ 'ਤੇ ਰੇਲ ਨੈੱਟਵਰਕ ਦੀ ਵਰਤੋਂ ਕਰ ਰਹੀ ਹੋ ਸਕਦੀ ਹੈ। ਉਸਦਾ ਪਰਿਵਾਰ ਅਤੇ ਪੁਲਸ ਉਸਦੀ ਸੁਰੱਖਿਆ ਬਾਰੇ ਬਹੁਤ ਚਿੰਤਤ ਹਨ।

ਔਬਰਨ ਪੁਲਸ ਏਰੀਆ ਕਮਾਂਡ ਦੇ ਅਧਿਕਾਰੀਆਂ ਨੇ ਅਨੀਸ਼ਾ ਦੇ ਲਾਪਤਾ ਹੋਣ ਤੋਂ ਅਗਲੇ ਦਿਨ 24 ਜੂਨ ਨੂੰ ਸੂਚਿਤ ਕੀਤੇ ਜਾਣ ਤੋਂ ਬਾਅਦ ਉਸਦੀ ਭਾਲ ਸ਼ੁਰੂ ਕਰ ਦਿੱਤੀ। ਆਸਟ੍ਰੇਲੀਆ ਦੇ ਨਿਊ ਸਾਊਥ ਵੇਲਜ਼ ਵਿੱਚ ਉਪਨਗਰ ਔਬਰਨ, ਅਪਰਾਧ ਪੱਧਰਾਂ ਦੇ ਮਾਮਲੇ ਵਿੱਚ 100 ਵਿੱਚੋਂ 15ਵੇਂ ਸਥਾਨ 'ਤੇ ਹੈ।






# ਤੁਹਾਡਾ ਨੌਕਰ ਹਾਂ

ਜਦੋਂ ਕਦੇ ਦਰਬਾਰ ਵਿੱਚ ਅਕਬਰ ਅਤੇ ਬੀਰਬਲ ਇਕੱਲੇ



ਹੁੰਦੇ ਸਨ ਤਾਂ ਕਿਸੇ ਨਾ ਕਿਸੇ ਗੱਲ ਬਾਰੇ ਬਹਿਸ ਜ਼ਰੂਰ ਛਿੜ ਜਾਂਦੀ ਸੀ। ਇੱਕ ਦਿਨ ਬਾਦਸ਼ਾਹ ਅਕਬਰ ਬੈਂਗਣਾਂ ਦੀ ਸਬਜ਼ੀ ਦੀ ਖ਼ੂਬ ਤਾਰੀਫ਼ ਕਰ ਰਹੇ ਸਨ।

ਬੀਰਬਲ ਵੀ ਬਾਦਸ਼ਾਹ ਦੀ ਹਾਂ ਵਿੱਚ ਹਾਂ ਮਿਲਾ ਰਹੇ ਸਨ। ਐਨਾ ਹੀ ਨਹੀਂ ਉਹ ਆਪਣੀ ਤਾਰੀਫ਼ ਨਾਲ ਵੀ ਦੋ ਚਾਰ ਗੱਲਾਂ ਬੈਂਗਣ ਦੀ ਤਾਰੀਫ਼ ਵਿੱਚ ਆਖ ਦਿੰਦੇ ਸਨ।

ਅਚਾਨਕ ਇੱਕ ਦਿਨ ਬੈਂਗਣਾਂ ਦੀ ਸਬਜ਼ੀ ਖਾਕੇ ਬਾਦਸ਼ਾਹ ਦੇ ਢਿੱਡ ਵਿੱਚ ਦਰਦ ਹੋਣ ਲੱਗਿਆ, ਤਾਂ ਉਹ ਬੈਂਗਣਾਂ ਦੀ ਬੁਰਾਈ ਕਰਨ ਲੱਗੇ। ਬੀਰਬਲ ਵੀ ਬੈਂਗਣਾਂ ਨੂੰ ਬੁਰਾ ਭਲਾ ਕਹਿਣ ਲੱਗੇ, "ਤੁਸੀਂ ਠੀਕ ਆਖਦੇ ਹੋ, ਬੈਂਗਣ ਬੇਕਾਰ ਸਬਜ਼ੀ ਹੈ।"

ਇਹ ਸੁਣਕੇ ਬਾਦਸ਼ਾਹ ਗੁੱਸੇ ਵਿੱਚ ਆ ਗਏ ਅਤੇ ਬੋਲੇ, "ਬੀਰਬਲ ਜਦੋਂ ਅਸੀਂ ਇਸਦੀ ਪ੍ਰਸੰਸਾ ਕੀਤੀ ਤਾਂ ਤੂੰ ਵੀ ਇਸਦੀ ਤਾਰੀਫ਼ ਕੀਤੀ ਅਤੇ ਜਦੋਂ ਅਸੀਂ ਇਸਦੀ ਬੁਰਾਈ ਕੀਤੀ ਤਾਂ ਤੂੰ ਵੀ ਇਸਦੀ ਬੁਰਾਈ ਕੀਤੀ, ਆਖਿਰ ਅਜਿਹਾ ਕਿਉਂ? ਤੂੰ ਆਪਣੀ ਇੱਕ ਗੱਲ ਉਪਰ ਕਾਇਮ ਕਿਉਂ ਨਹੀਂ ਹੈ?"

ਬੀਰਬਲ ਨੇ ਨਰਮ ਲਹਿਜੇ ਵਿੱਚ ਆਖਿਆ, "ਇਸ ਲਈ ਕਿ ਮੈਂ ਬੈਂਗਣ ਦਾ ਨਹੀਂ, ਤੁਹਾਡਾ ਨੌਕਰ ਹਾਂ।"

**ਸਿੱਖਿਆ : ਇਹ ਗਿਆਨ ਜ਼ਰੂਰੀ ਹੈ ਕਿ ਸਾਨੂੰ ਕਿਸੇ ਮੌਕੇ ਤੇ ਕੀ ਅਖਣਾ ਹੈ। ਅਣਚਾਹੀਆਂ ਗੱਲਾਂ ਕਈ ਵਾਰ ਤੁਹਾਨੂੰ ਪ੍ਰੇਸ਼ਾਨੀ ਵਿੱਚ ਪਾ ਸਕਦੀਆਂ ਹਨ। ਬੀਰਬਲ ਨੇ ਪਰਸਥਿਤੀ ਦੇ ਅਨੁਸਾਰ ਗੱਲ ਆਖਣੀ ਸਿੱਖੀ ਸੀ। ਜਦੋਂ ਅਕਬਰ ਬੈਂਗਣ ਦੀ ਪ੍ਰਸੰਸਾ ਕਰਦੇ ਤਾਂ ਉਹ ਵੀ ਉਸੇ ਸਬਜ਼ੀ ਦਾ ਗੁਣਮਾਨ ਕਰਦੇ ਅਤੇ ਜਦੋਂ ਬਾਦਸ਼ਾਹ ਨੇ ਬੁਰਾਈ ਕੀਤੀ ਤਾਂ ਉਸਨੇ ਵੀ ਅਜਿਹਾ ਕੀਤਾ। ਬਾਦਸ਼ਾਹ ਦੇ ਪੁੱਛਣ ਤੇ ਕਿ ਉਸਨੇ ਅਜਿਹਾ ਕਿਉਂ ਕੀਤਾ ਤਾਂ ਉਸਨੇ ਅਜਿਹਾ ਵਿਖਾਇਆ ਕਿ ਉਹ ਤਾਂ ਬਾਦਸ਼ਾਹ ਦੇ ਪ੍ਰਤੀ ਵਫ਼ਾਦਾਰ ਹਨ।**

# ਅਕਬਰ ਦਾ ਸੁਫ਼ਨਾ



ਇੱਕ ਰਾਤ ਅਕਬਰ ਨੂੰ ਸੁਫ਼ਨਾ ਆਇਆ ਕਿ ਉਸਦੇ ਇੱਕ ਦੰਦ ਨੂੰ ਛੱਡਕੇ ਸਾਰੇ ਦੰਦ ਟੁੱਟ ਗਏ ਹਨ। ਅਗਲੀ ਸੁਬਾਹ ਉਹਨਾਂ ਨੇ ਰਾਜ ਦੇ ਸਾਰੇ ਜੋਤਸ਼ੀਆਂ (ਨਜ਼ੂਮੀਆਂ) ਨੂੰ ਸੁਪਨੇ ਦਾ ਅਰਥ ਜਾਨਣ ਦੇ ਲਈ ਸਭਾ ਵਿੱਚ ਬੁਲਾਇਆ।

ਇੱਕ ਲੰਬੇ ਵਿਚਾਰ-ਵਟਾਂਦਰੇ ਦੇ ਬਾਦ ਜੋਤਸ਼ੀਆਂ ਨੇ ਦੱਸਿਆ ਕਿ ਬਾਦਸ਼ਾਹ ਦੇ ਸਾਰੇ ਰਿਸਤੇਦਾਰ ਉਹਨਾਂ ਨਾਲੋਂ ਪਹਿਲਾਂ ਮਰ ਜਾਣਗੇ।

ਇਸ ਗੱਲ ਨੂੰ ਸੁਣਕੇ ਅਕਬਰ ਬੇਹੱਦ ਪ੍ਰੇਸ਼ਾਨ ਹੋਏ ਅਤੇ ਉਹਨਾਂ ਨੇ ਸਾਰੇ ਵਿਦਵਾਨਾਂ ਨੂੰ ਬਿਨਾਂ ਕਿਸੇ ਇਨਾਮ ਦੇ ਵਾਪਸ ਭੇਜ ਦਿੱਤਾ। ਥੋੜ੍ਹੀ ਦੇਰ ਬਾਦ, ਬੀਰਬਲ ਸਭਾ ਵਿੱਚ ਆਏ ਤਾਂ ਅਕਬਰ ਨੇ ਉਹਨਾਂ ਨੂੰ ਆਪਣਾ ਸੁਫ਼ਨਾ ਸੁਣਾਇਆ ਅਤੇ ਉਸਦਾ ਅਰਥ ਦੱਸਣ ਲਈ ਆਖਿਆ।

ਬੀਰਬਲ ਦਾ ਜਵਾਬ ਕਾਫੀ ਸੋਚ ਵਿਚਾਰ ਕਰਨ ਦੇ ਬਾਦ ਅਕਬਰ ਦੇ ਸਾਹਮਣੇ ਆਇਆ ਕਿ ਬਾਦਸ਼ਾਹ ਅਕਬਰ ਆਪਣੇ ਰਿਸ਼ਤੇਦਾਰਾਂ ਨਾਲੋਂ ਵੱਧ ਅਤੇ ਵਧੀਆ ਜ਼ਿੰਦਗੀ ਗੁਜਾਰਨਗੇ। ਅਕਬਰ ਇਸ ਜਵਾਬ ਤੋਂ ਖ਼ੁਸ਼ ਹੋਏ ਅਤੇ ਬੀਰਬਲ ਨੂੰ ਇਨਾਮ ਦਿੱਤਾ।

**ਸਿੱਖਿਆ : ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸੱਚ ਨੂੰ ਆਖਣ ਦੇ ਇੱਕ ਤੋਂ ਵੱਧ ਤਰੀਕੇ ਹੋ ਸਕਦੇ ਹਨ। ਭਵਿੱਖ ਵਿੱਚ ਆਉਣ ਵਾਲੀਆਂ ਕਠਿਨਾਈਆਂ ਨੂੰ ਕਿਸੇ ਨੂੰ ਪ੍ਰੇਸ਼ਾਨ ਕੀਤੇ ਬਿਨਾਂ ਵੀ ਦੱਸਿਆ ਜਾ ਸਕਦਾ ਹੈ।**

**ਜੇਕਰ ਇਹ ਜ਼ਰੂਰੀ ਹੈ ਕਿ ਤੁਸੀਂ ਕਿਸੇ ਨੂੰ ਕੋਈ ਕੌੜੀ ਗੱਲ ਆਖਣੀ ਹੈ ਕਿ ਤੁਸੀਂ ਉਸਨੂੰ ਇਸ ਢੰਗ ਨਾਲ ਆਖੋਂ ਕਿ ਉਸਦੀ ਕੁੜੱਤਣ ਘੱਟ ਲੱਗੇ।**

**ਜੋ ਬੀਰਬਲ ਨੇ ਕੀਤਾ ਉਸਨੂੰ ਵਾਕ-ਚਤੁਰਾਈ ਆਖਦੇ ਹਨ। ਉਸਦੇ ਵੀ ਵਿਦਵਾਨਾਂ ਵਾਲੀ ਗੱਲ ਆਖੀ, ਪਰ ਇਸ ਤਰ੍ਹਾਂ ਕਿ ਬਾਦਸ਼ਾਹ ਨੂੰ ਬੁਰੀ ਨਹੀਂ ਲੱਗੀ।**












# ਜਰਮਨੀ ਨੇ ਅੱਤਵਾਦ ਵਿਰੁੱਧ ਲੜਾਈ 'ਚ ਇਜ਼ਰਾਈਲ ਨੂੰ ਪੂਰਾ ਸਮਰਥਨ ਦੇਣ ਦਾ ਕੀਤਾ ਐਲਾਨ




ਯਰੂਸ਼ਲਮ/ਬਰਲਿਨ : ਜਰਮਨੀ ਨੇ ਅੱਤਵਾਦ ਵਿਰੁੱਧ ਲੜਾਈ 'ਚ ਇਜ਼ਰਾਈਲ ਨੂੰ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਇਜ਼ਰਾਈਲ ਦੇ ਗ੍ਰਹਿ ਮੰਤਰੀ ਅਲੈਗਜ਼ੈਂਡਰ ਡੋਭਾਰਡਟ, ਜੋ ਇਜ਼ਰਾਈਲ ਦੇ ਦੌਰੇ 'ਤੇ ਹਨ, ਨੇ ਇਜ਼ਰਾਈਲ ਦੇ ਵਿਦੇਸ਼ ਮੰਤਰੀ ਗਿਡੀਅਨ ਸਾ'ਆਰ ਨਾਲ ਐਤਵਾਰ ਨੂੰ ਬੈਟ ਯਾਮ 'ਚ ਈਰਾਨ ਦੁਆਰਾ ਕੀਤੇ ਗਏ ਮਿਜ਼ਾਈਲ ਹਮਲੇ ਵਾਲੀ ਥਾਂ ਦਾ ਦੌਰਾ ਕੀਤਾ।

'ਯਰੂਸ਼ਲਮ ਪੋਸਟ' ਦੀ ਰਿਪੋਰਟ ਦੇ ਅਨੁਸਾਰ, ਇਸ ਦੌਰਾਨ ਉਨ੍ਹਾਂ ਨੇ ਇਜ਼ਰਾਈਲ ਦੁਆਰਾ ਈਰਾਨ ਵਿਰੁੱਧ ਆਪ੍ਰੇਸ਼ਨ ਰਾਈਜ਼ਿੰਗ ਲਾਇਨ ਦੀ ਸਮਾਪਤੀ ਤੋਂ ਬਾਅਦ ਪਹਿਲੀ ਅਧਿਕਾਰਤ ਕੂਟਨੀਤਕ ਫੇਰੀ 'ਤੇ ਸੱਦਾ ਦੇਣ ਲਈ ਸ਼੍ਰੀ ਸਾ'ਆਰ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਦੇਸ਼ ਨੂੰ ਅੱਤਵਾਦ ਵਿਰੁੱਧ ਲੜਾਈ ਵਿੱਚ ਸਮਰਥਨ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਾਗਰਿਕ ਆਬਾਦੀ ਵਾਲੇ ਇਲਾਕਿਆਂ 'ਤੇ ਹਮਲੇ ਜਾਇਜ਼ ਨਹੀਂ ਹਨ। ਜੋ ਵੀ ਇਹ ਦੇਖਦਾ ਹੈ ਕਿ ਈਰਾਨੀਆਂ ਨੇ ਇੱਥੇ ਨਾਗਰਿਕਾਂ ਨਾਲ ਕੀ ਕੀਤਾ ਹੈ, ਉਸਨੂੰ ਡਰਨਾ ਚਾਹੀਦਾ ਹੈ ਕਿ ਉਹ ਪ੍ਰਮਾਣੂ ਬੰਬ ਨਾਲ ਕੀ ਕਰ ਸਕਦੇ ਹਨ। ਅਸੀਂ ਹਾਲ ਹੀ ਦੇ ਸਮੇਂ ਵਿੱਚ ਇਜ਼ਰਾਈਲ ਦੀਆਂ ਕਾਰਵਾਈਆਂ ਦਾ 100 ਪ੍ਰਤੀਸ਼ਤ ਸਮਰਥਨ ਕਰਦੇ ਹਾਂ, ਜਿਸ ਵਿੱਚ ਪ੍ਰਮਾਣੂ ਸਥਾਨਾਂ 'ਤੇ ਹਮਲੇ ਵੀ ਸ਼ਾਮਲ ਹਨ।

ਈਰਾਨੀ ਪ੍ਰਮਾਣੂ ਪ੍ਰੋਗਰਾਮ ਬਾਰੇ ਗੱਲ ਕਰਦੇ ਹੋਏ, ਉਨ੍ਹਾਂ ਕਿਹਾ ਕਿ ਪਰਮਾਣੂ ਖ਼ਤਰਾ ਸਿਰਫ਼ ਇਜ਼ਰਾਈਲ ਲਈ ਹੀ ਨਹੀਂ ਸਗੋਂ ਪੂਰੇ ਯੂਰਪ ਲਈ ਖ਼ਤਰਾ ਹੈ। ਇਜ਼ਰਾਈਲ, ਜਰਮਨੀ ਅਤੇ ਅਮਰੀਕਾ ਪ੍ਰਮਾਣੂ ਈਰਾਨ ਨੂੰ ਸਵੀਕਾਰ ਨਹੀਂ ਕਰਨਗੇ।'' ਇਜ਼ਰਾਈਲ ਦੇ ਵਿਦੇਸ਼ ਮੰਤਰੀ ਨੇ ਜਰਮਨ ਗ੍ਰਹਿ ਮੰਤਰੀ ਦੀ ਫੇਰੀ ਨੂੰ ਏਕਤਾ ਦਾ ਸੰਕੇਤ ਦੱਸਿਆ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਈਰਾਨ 'ਤੇ ਦੁਬਾਰਾ ਪਾਬੰਦੀਆਂ ਲਗਾਉਣ ਦੀ ਅਪੀਲ ਕੀਤੀ। ਧਿਆਨ ਦੇਣ ਯੋਗ ਹੈ ਕਿ 17 ਜੂਨ ਨੂੰ ਕੈਨੇਡਾ ਵਿੱਚ ਘ7 ਸੰਮੇਲਨ ਦੌਰਾਨ, ਜਰਮਨ ਚਾਂਸਲਰ ਫ੍ਰੈਡਰਿਕ ਮਰਜ਼ ਨੇ ਕਿਹਾ ਸੀ ਕਿ ਇਜ਼ਰਾਈਲ ਈਰਾਨ ਦੇ ਪ੍ਰਮਾਣੂ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾ ਕੇ ਸਾਡੇ ਸਾਰਿਆਂ ਲਈ ਸਿੱਧੇ ਤੌਰ 'ਤੇ ਕੰਮ ਕਰ ਰਿਹਾ ਹੈ।

# ਟਰੰਪ ਦਾ ਸਖ਼ਤ ਕਦਮ, ਅਮਰੀਕਾ 'ਚ ਰਹਿ ਰਹੇ ਈਰਾਨੀ ਗ੍ਰਿਫ਼ਤਾਰ



ਨਿਊਯਾਰਕ (ਏਪੀ)- ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਤਹਿਤ ਦਹਾਕਿਆਂ ਤੋਂ ਅਮਰੀਕਾ ਵਿੱਚ ਰਹਿ ਰਹੇ ਕਈ ਈਰਾਨੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੈਂਡੋਨਾ "ਡੋਨਾ" ਕਸ਼ਾਨੀਅਨ ਪਿਛਲੇ 47 ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਹੀ ਸੀ ਅਤੇ ਇੱਕ ਅਮਰੀਕੀ ਨਾਗਰਿਕ ਨਾਲ ਵਿਆਹੀ ਹੋਈ ਸੀ ਅਤੇ ਉਸਦੀ ਇੱਕ ਧੀ ਹੈ। ਉਸਦੇ ਪਰਿਵਾਰ ਨੇ ਦੱਸਿਆ ਕਿ ਕਸ਼ਾਨੀਅਨ ਆਪਣੇ ਨਿਊ ਓਰਲੀਨਜ਼ ਦੇ ਘਰ ਦੇ ਪਿਛਲੇ ਵਿਹੜੇ ਵਿੱਚ ਬਾਗਬਾਨੀ ਕਰ ਰਹੀ ਸੀ ਜਦੋਂ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਅਧਿਕਾਰੀ ਉਸਨੂੰ ਹੱਥਕੜੀਆਂ ਲਗਾ ਕੇ ਲੈ ਗਏ।

ਕਸ਼ਾਨੀਅਨ 1978 ਵਿੱਚ ਵਿਦਿਆਰਥੀ ਵੀਜ਼ੇ 'ਤੇ ਅਮਰੀਕਾ ਆਈ ਸੀ ਅਤੇ ਸ਼ਰਣ ਲਈ ਅਰਜ਼ੀ ਦਿੱਤੀ ਸੀ। ਉਸਦੇ ਪਤੀ ਅਤੇ ਧੀ ਨੇ ਕਿਹਾ ਕਿ ਉਸਨੂੰ ਆਪਣੇ ਪਤੀ ਅਤੇ ਬੱਚੇ ਨਾਲ ਇਸ ਸ਼ਰਤ 'ਤੇ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ ਕਿ ਉਹ ਨਿਯਮਿਤ ਤੌਰ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਸਾਹਮਣੇ ਪੇਸ਼ ਹੋਵੇ। ਪਰਿਵਾਰ ਨੇ ਦੱਸਿਆ ਕਿ ਕਸ਼ਾਨੀਅਨ ਨਿਯਮਿਤ ਤੌਰ 'ਤੇ ਉਨ੍ਹਾਂ ਨਿਯਮਾਂ ਦੀ ਪਾਲਣਾ ਕਰਦੀ ਸੀ ਅਤੇ ਚੱਕਰਵਾਤੀ ਤੂਫਾਨ ਕੈਟਰੀਨਾ ਦੌਰਾਨ ਵੀ ਦੱਖਣੀ ਕੈਰੋਲੀਨਾ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਸਾਹਮਣੇ ਪੇਸ਼ ਹੁੰਦੀ ਸੀ। ਪਰਿਵਾਰ ਨੇ ਦੱਸਿਆ ਕਿ ਕਸ਼ਾਨੀਅਨ ਨੂੰ ਹੁਣ ਬੇਸਿਲ ਦੇ ਇੱਕ ਇਮੀਗ੍ਰੇਸ਼ਨ ਹਿਰਾਸਤ ਕੇਂਦਰ ਵਿੱਚ ਰੱਖਿਆ ਗਿਆ ਹੈ ਅਤੇ ਉਸਦੇ ਪਰਿਵਾਰਕ ਮੈਂਬਰ ਉਸਦੇ ਬਾਰੇ ਜਾਣਕਾਰੀ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ।

ਅਮਰੀਕਾ ਵਿੱਚ ਦਹਾਕਿਆਂ ਤੋਂ ਰਹਿਣ ਤੋਂ ਬਾਅਦ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਹੋਰ ਈਰਾਨੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਹਾਲਾਂਕਿ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਇਹ ਨਹੀਂ ਦੱਸਿਆ ਕਿ ਉਨ੍ਹਾਂ ਨੇ ਕਿੰਨੇ ਈਰਾਨੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਪਰ ਇਹ ਡਰ ਹੈ ਕਿ ਈਰਾਨ 'ਤੇ ਅਮਰੀਕੀ ਹਮਲੇ ਤੋਂ ਬਾਅਦ ਅਜਿਹੀਆਂ ਹੋਰ ਗ੍ਰਿਫ਼ਤਾਰੀਆਂ ਹੋ ਸਕਦੀਆਂ ਹਨ।

ਨੈਸ਼ਨਲ ਈਰਾਨੀ ਅਮਰੀਕਨ ਕੌਂਸਲ ਦੇ ਨੀਤੀ ਨਿਰਦੇਸ਼ਕ ਰਿਆਨ ਕੋਸਟੇਲੋ ਨੇ ਕਿਹਾ, "ਕੁਝ ਹੱਦ ਤੱਕ ਸਾਵਧਾਨੀ ਸਿਆਣਪ ਵਾਲੀ ਹੈ, ਪਰ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ) ਨੇ ਜੋ ਕੀਤਾ ਹੈ ਉਹ ਇਸ ਤਰ੍ਹਾਂ ਹੈ ਜਿਵੇਂ ਇਸਨੇ ਕਿਸੇ ਵੀ ਈਰਾਨੀ ਨੂੰ ਫੜਨ, ਗ੍ਰਿਫ਼ਤਾਰ ਕਰਨ ਅਤੇ ਦੇਸ਼ ਨਿਕਾਲਾ ਦੇਣ ਦੇ ਹੁਕਮ ਦਿੱਤੇ ਹਨ, ਭਾਵੇਂ ਉਨ੍ਹਾਂ ਦਾ ਕਿਸੇ ਵੀ ਖ਼ਤਰੇ ਨਾਲ ਕੋਈ ਸਬੰਧ ਹੋਵੇ ਜਾਂ ਨਾ - ਇਹ ਬਹੁਤ ਚਿੰਤਾਜਨਕ ਹੈ।" ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਈਰਾਨ 'ਤੇ ਅਮਰੀਕੀ ਮਿਜ਼ਾਈਲ ਹਮਲਿਆਂ ਦੌਰਾਨ ਹਫਤੇ ਦੇ ਅੰਤ ਵਿੱਚ ਇਮੀਗ੍ਰੇਸ਼ਨ ਉਲੰਘਣਾਵਾਂ ਲਈ ਘੱਟੋ-ਘੱਟ 11 ਈਰਾਨੀਆਂ ਦੀ ਗ੍ਰਿਫ਼ਤਾਰੀ ਦਾ ਐਲਾਨ ਕੀਤਾ। ਅਮਰੀਕੀ ਕਸਟਮਜ਼ ਅਤੇ ਸਰਹੱਦੀ ਸੁਰੱਖਿਆ ਨੇ ਇਸ ਬਾਰੇ ਬਿਨਾਂ ਵੇਰਵੇ ਦਿੱਤੇ ਦੱਸਿਆ ਕਿ ਉਸਨੇ ਲਾਸ ਏਂਜਲਸ ਖੇਤਰ ਵਿੱਚ ਸੱਤ ਈਰਾਨੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

# ਇਟਲੀ : ਕੰਟਰੋਲ ਏਰੀਆ ਦਾ ਡਾਟਾ ਟ੍ਰਾਂਸਮਿਸ਼ਨ ਹੋਇਆ ਫੇਲ੍ਹ



ਰੋਮ : ਇਟਲੀ ਦੇ ਮਿਲਾਨ ‘ਚ ਏਰੀਆ ਕੰਟਰੋਲ ਸੈਂਟਰ ‘ਚ ਸ਼ਨੀਵਾਰ ਸ਼ਾਮ ਨੂੰ ਡੇਟਾ ਟ੍ਰਾਂਸਮਿਸ਼ਨ ਫੇਲ੍ਹ ਹੋਣ ਕਾਰਨ ਦੇਸ਼ ਦੇ ਉੱਤਰ-ਪੱਛਮੀ ਖੇਤਰ ਦੇ ਕਈ ਸ਼ਹਿਰਾਂ ‘ਚ 300 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ।

ਏਐੱਨਐੱਸਏ ਨਿਊਜ਼ ਏਜੰਸੀ ਨੇ ਦੱਸਿਆ ਕਿ ਇਹ ਘਟਨਾ ਸਥਾਨਕ ਸਮੇਂ ਅਨੁਸਾਰ ਰਾਤ 9 ਵਜੇ ਦੇ ਕਰੀਬ ਵਾਪਰੀ। ਇਸ ਕਾਰਨ, ਪ੍ਰਭਾਵਿਤ ਹਵਾਈ ਖੇਤਰ ‘ਚ ਮਿਲਾਨ, ਬਰਗਾਮੋ, ਜੇਨੋਆ ਅਤੇ ਟਿਊਰਿਨ ਸਮੇਤ ਹਵਾਈ ਅੱਡਿਆਂ ‘ਤੇ ਉਡਾਣਾਂ ਨੂੰ ਮੁਲਤਵੀ ਕਰ ਦਿੱਤਾ ਗਿਆ ਜਾਂ ਟੇਕਆਫ ਅਤੇ ਲੈਂਡਿੰਗ ‘ਤੇ ਵੱਡੀਆਂ ਪਾਬੰਦੀਆਂ ਲਗਾਈਆਂ ਗਈਆਂ।

ਇਸ ‘ਚ ਇਹ ਵੀ ਕਿਹਾ ਗਿਆ ਹੈ ਕਿ ਟੈਕਨੀਸ਼ੀਅਨ ਅਜੇ ਵੀ ਹਵਾਈ ਆਵਾਜਾਈ ਨੂੰ ਬਹਾਲ ਕਰਨ ਲਈ ਕੰਮ ਕਰ ਰਹੇ ਹਨ। ਇਹ ਧਿਆਨ ਦੇਣ ਯੋਗ ਹੈ

ਕਿ ਮਿਲਾਨ ‘ਚ ਏਰੀਆ ਕੰਟਰੋਲ ਸੈਂਟਰ ਇਤਾਲਵੀ ਹਵਾਈ ਨੈਵੀਗੇਸ਼ਨ ਸੇਵਾ ਪ੍ਰਦਾਤਾ ENAV ਦੁਆਰਾ ਸੰਚਾਲਿਤ ਚਾਰ ਖੇਤਰੀ ਨਿਯੰਤਰਣ ਕੇਂਦਰਾਂ ਵਿੱਚੋਂ ਇੱਕ ਹੈ।

# ਵੱਡੀ ਖ਼ਬਰ : ਰੂਸ ਨੇ ਯੂਕ੍ਰੇਨ ‘ਤੇ ਕੀਤਾ ਸਭ ਤੋਂ ਘਾਤਕ ਹਵਾਈ ਹਮਲਾ



ਕੀਵ - ਰੂਸ ਅਤੇ ਯੂਕ੍ਰੇਨ ਵਿਚਾਲੇ ਜਾਰੀ ਯੁੱਧ ਦੌਰਾਨ ਇਕ ਵੱਡੀ ਖ਼ਬਰ ਆਈ ਹੈ। ਰੂਸ ਨੇ ਯੂਕ੍ਰੇਨ ‘ਤੇ ਆਪਣਾ ਸਭ ਤੋਂ ਵੱਡਾ ਹਵਾਈ ਹਮਲਾ ਕੀਤਾ ਹੈ। ਇੱਕ ਯੂਕ੍ਰੇਨੀ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਰੂਸ ਵੱਲੋਂ ਕੀਤਾ ਗਿਆ ਇਹ ਹਮਲਾ ਇੱਕ ਮੁਹਿੰਮ ਦਾ ਹਿੱਸਾ ਹੈ, ਜਿਸ ਨੇ ਤਿੰਨ ਸਾਲ ਤੋਂ ਚੱਲੀ ਆ ਰਹੀ ਜੰਗ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਝਟਕਾ ਦਿੱਤਾ ਹੈ।

ਯੂਕ੍ਰੇਨ ਦੀ ਹਵਾਈ ਸੈਨਾ ਨੇ ਦੱਸਿਆ ਕਿ ਰੂਸ ਨੇ ਯੂਕ੍ਰੇਨ ‘ਤੇ ਕੁੱਲ 537 ਹਵਾਈ ਹਥਿਆਰ ਦਾਗੇ, ਜਿਨ੍ਹਾਂ ਵਿੱਚ 477 ਡਰੋਨ ਅਤੇ ਡੀਕੋਏ ਅਤੇ 60 ਮਿਜ਼ਾਈਲਾਂ ਸ਼ਾਮਲ ਹਨ। ਫੌਜ ਅਨੁਸਾਰ ਇਨ੍ਹਾਂ ਵਿੱਚੋਂ 249 ਨੂੰ ਮਾਰ ਸੁੱਟਿਆ ਗਿਆ ਅਤੇ 226 ਇਲੈਕਟ੍ਰਾਨਿਕ ਤੌਰ ‘ਤੇ ਜਾਮ ਕਰ ਦਿੱਤੇ ਗਏ। ਯੂਕ੍ਰੇਨ ਦੇ ਹਵਾਈ ਸੈਨਾ ਸੰਚਾਰ ਮੁਖੀ ਯੂਰੀ ਇਹਨਾਤ ਨੇ ਐਸੋਸੀਏਟਿਡ ਪ੍ਰੈਸ ਨੂੰ ਦੱਸਿਆ ਕਿ ਰਾਤ ਨੂੰ ਕੀਤਾ ਗਿਆ ਹਮਲਾ ਦੇਸ਼ ‘ਤੇ ‘ਸਭ ਤੋਂ ਵੱਡਾ ਹਵਾਈ ਹਮਲਾ’ ਸੀ, ਜਿਸ ਵਿੱਚ ਡਰੋਨ ਅਤੇ ਕਈ ਤਰ੍ਹਾਂ ਦੀਆਂ ਮਿਜ਼ਾਈਲਾਂ ਦਾਗੀਆਂ ਗਈਆਂ। ਫੌਜ ਅਨੁਸਾਰ ਇਸ ਹਮਲੇ ਵਿੱਚ ਪੂਰੇ ਦੇਸ਼ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਵਿੱਚ ਯੂਕ੍ਰੇਨ ਦੇ ਪੱਛਮੀ ਖੇਤਰ ਵੀ ਸ਼ਾਮਲ ਸਨ, ਜੋ ਕਿ ਫਰੰਟ ਲਾਈਨ ਤੋਂ ਬਹੁਤ ਦੂਰ ਹੈ।

ਪੋਲੈਂਡ ਦੀ ਹਵਾਈ ਸੈਨਾ ਨੇ ਕਿਹਾ ਹੈ ਕਿ ਪੋਲੈਂਡ ਅਤੇ ਸਹਿਯੋਗੀ ਦੇਸ਼ਾਂ ਨੇ ਆਪਣੇ (ਪੋਲੈਂਡ ਦੇ) ਹਵਾਈ ਖੇਤਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਹਾਜ਼ ਭੇਜੇ ਹਨ। ਖੇਰਸਨ ਦੇ ਖੇਤਰੀ ਗਵਰਨਰ ਓਲੇਕਸੈਂਡਰ ਪ੍ਰੋਕੁਡਿਨ ਨੇ ਕਿਹਾ ਕਿ ਡਰੋਨ ਹਮਲੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਚੇਰਕਾਸੀ ਦੇ ਗਵਰਨਰ ਇਹੋਰ ਟੈਬੂਰੇਟਸ ਅਨੁਸਾਰ ਚੇਰਕਾਸੀ ਵਿੱਚ ਇੱਕ ਬੱਚੇ ਸਮੇਤ ਛੇ ਲੋਕ ਜ਼ਖਮੀ ਹੋਏ ਹਨ। ਤਾਜ਼ਾ ਹਮਲੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਸ਼ੁੱਕਰਵਾਰ ਨੂੰ ਕਹਿਣ ਤੋਂ ਬਾਅਦ ਹੋਏ ਹਨ ਕਿ ਮਾਸਕੋ ਇਸਤਾਂਬੁਲ ਵਿੱਚ ਸ਼ਾਂਤੀ ਵਾਰਤਾ ਦੇ ਇੱਕ ਨਵੇਂ ਦੌਰ ਲਈ ਤਿਆਰ ਹੈ।






# ਉਪਰਾਲਾ ਹੀ ਬਚਾਵੇ


## ਨਰੇਸ਼ ਕੁਮਾਰੀ ਸ਼ਰਮਾ

+02041755894




ਦੁਨੀਆਂ ਵਿੱਚ ਉਕਤਾਈਆਂ ਤੇ ਊਣਤਾਈਆਂ ਆਦਿ ਕਾਲ ਤੋਂ ਹੀ ਚੱਲਦੀਆਂ ਆ ਰਹੀਆਂ ਹਨ, ਪਰ ਦੁਨੀਆਂ ਦਾ ਜੋ ਆਵਾ ਹੁਣ ,ਕੁਝ ਕੁ ਦਹਾਕਿਆਂ ਤੋਂ ਊਤ ਚੁਕਿਆ ਹੈ, ਸੋਚਕੇ ਕੰਨਾਂ ਵਿੱਚੋਂ ਸੇਕ ਨਿਕਲਣ ਲੱਗ ਪੈਂਦਾ ਹੈ। ਜ਼ਿਆਦਾਤਰ ਬਸ਼ਿੰਦਿਆਂ ਨੇ ਸ਼ਰਮ ਹਿਜਾ ਅਤੇ ਇਨਸਾਨਿਅਤ ਨੂੰ ਰੋਟੀ ਦੀ ਬੁਰਕੀ ਨਾਲ ਨਿਗਲ ਲਿਆ ਹੈ।ਅੱਜ ਮਨੁੱਖੀ ਤੇ ਮਨੁੱਖੀ ਭਾਵਨਾਵਾਂ ਦਾ ਕਤਲ,(ਖਾਸ ਕਰਕੇ ਬਹੁਤੀਆਂ ਪਤਨੀਆਂ ਦੁਆਰਾ ਆਪਣੇ ਬੇਕਸੂਰ ਪਤੀਆਂ ਦਾ ), ਜਬਰ ਜਿਨਾਹ,ਸਰੀਰਕ ਤੇ ਮਾਨਸਿਕ ਸ਼ੋਸ਼ਣ (ਕਿਸੇ ਵੀ ਜੈਂਡਰ ਨਾਲ) , ਲੁੱਟ ਖਸੁੱਟ , ਹੱਕ ਮਾਰਨਾ,ਠੱਗੀ, ਰਿਸ਼ਵਤਖੋਰੀ, ਅਸ਼ਲੀਲਤਾ ਨੂੰ ਹੱਕ ਤੇ ਬਹਾਦਰੀ ਸਮਝਕੇ ਸ਼ਰੇਆਮ ਸੋਸ਼ਲ ਮੀਡੀਆ ਤੇ ਪਰੋਸ ਕੇ , ਰੱਬ ਦੇ ਨਾਮ ਹੇਠ ਆਪਣੀ ਪਿੱਠ ਥਾਪੜਨੀ ਆਦਿ ਕੁਝ ਇਹਨਾਂ ਸਮਾਜਿਕ ਵਧੀਕੀਆਂ ਵਿੱਚੋਂ ਗਿਣੀਆਂ ਜਾਣ ਵਾਲੀਆਂ ਆਮ ਉਦਾਹਰਣਾਂ ਹਨ ।ਹੁਣ ਮੈਂ ਇਨਾਂ ਵਿਸ਼ਿਆਂ ਬਾਰੇ ਵੱਖੋ ਵੱਖਰੀ ਸੰਖੇਪ ਜਾਣਕਾਰੀ ਦੇਣ ਜਾ ਰਹੀ ਹਾਂ ।

**ਬੱਚਾ ਬਾਜੀ:–** ਜਦੋਂ ਤੱਕ ਮੈਂ ਇਸ ਵਿਸ਼ੇ ਸੰਬੰਧੀ ਇਕ ਵੀਡੀਓ ਨਹੀਂ ਦੇਖੀ ਸੀ , ਮੈਨੂੰ ਇਸ ਸ਼ਬਦਾਵਲੀ ਤੇ ਇਸਦੇ ਅਸਲੀ ਵਰਤੇ ਜਾਂਦੇ ਅਰਥਾਂ ਦਾ ਵੀ ਪਤਾ ਨਹੀਂ ਸੀ। ਅਸਲ






ਵਿੱਚ ਮੈਂ ਧਾਰਮਿਕ ਦੇ ਨਾਲ ਨਾਲ ਜਾਨਕਾਰੀ ਵਾਸਤੇ ਤਰਾਂ - ਤਰਾਂ ਦੇ ਟੀ ਵੀ ਪ੍ਰੋਗਰਾਮ ਤੇ ਵੀਡੀਓ ਵੇਖਦੀ ਹਾਂ ਤੇ ਪੁਸਤਕਾਂ ਪੜਦੀ ਰਹਿੰਦੀ ਹਾਂ,ਤਾਂਕਿ ਦੁਨੀਆਂ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਤੇ ਸਮਾਜ ਦਾ ਰੁਝਾਨ ਪਤਾ ਲੱਗਦਾ ਰਵੇ । ਕੁਝ ਕੁ ਦਿਨ ਪਹਿਲਾਂ ਇੱਕ ਵੀਡੀਓ ਦੇਖਣ ਤੋਂ ਬਾਅਦ ਇੰਜ਼ ਲੱਗਿਆ ਜਿਵੇਂ ਮੇਰੇ ਕੰਨਾਂ ਵਿੱਚੋਂ,ਖ਼ੂਨ ਵਗਣ ਲੱਗ ਪਿਆ ਹੋਵੇ। ਇਹ ਪਾਕਿਸਤਾਨ ਵਿੱਚ ਛੋਟੇ ਛੋਟੇ,ਗਰੀਬ ਲੜਕਿਆਂ ਨਾਲ ਟਰੱਕ ਤੇ ਬੱਸ ਡਰਾਇਵਰਾਂ ਦੁਆਰਾ, ਕੀਤੇ ਜਾਂਦੇ ਸ਼ਰੀਰਕ ਸ਼ੋਸ਼ਣ ਬਾਰੇ ਜਾਨਕਾਰੀ ਦੇ ਰਹੀ ਸੀ। ਦੱਸਣਯੋਗ ਹੈ ਕਿ ਇਹ ਕੋਈ ਲੁਕੀ ਛਿਪੀ ਗੱਲ ਨਾ ਹੋ ਕੇ ,ਉਥੇ ਦੀ ਆਮ ਜਨਤਾ ਤੇ ਰਾਜਸੀ ਗਲਿਆਰਿਆਂ ਤੋਂ ਲੈਕੇ ਯੂਨੀਸੈਫ (ਬੱਚਿਆਂ ਦੇ ਹੱਕਾਂ ਦੀ ਰਾਖੀ ਕਰਨ ਵਾਲੀ ਦੁਨੀਆਂ ਭਰ ਦੀ ਇੱਕ ਬਹੁਤ ਵੱਡੀ ਸੰਸਥਾ) ਤੱਕ ਨੂੰ ਵੀ ਪਤਾ ਹੈ ,ਪਰ ਹਰ ਕੋਈ ਸ਼ਲਗਮਾਂ ਨਾਲੋਂ ਮਿੱਟੀ ਝਾੜਕੇ ਅਗਾਂਹ ਵਧ ਜਾਂਦਾ ਹੈ।ਅਮਲੀ ਕਦਮ ਚੁੱਕਣ ਦੀ ਕੋਈ ਵੀ ਕੋਸ਼ਿਸ਼ ਨਹੀਂ ਕਰਦਾ । ਅਫਸੋਸ ਦੀ ਗੱਲ ਹੈ ,ਅਜਿਹਾ ਸ਼ੋਸ਼ਣ ਕੇਵਲ ਪਾਕਿਸਤਾਨ ਵਿੱਚ ਹੀ ਨਹੀਂ ਸਗੋਂ ਦੁਨੀਆਂ ਦੇ ਹਰ ਮੁਲਕ ਵਿੱਚ ਹੁੰਦਾ ਹੈ , ਫਰਕ ਇੰਨਾ ਹੈ ਕਿ , ਤਰੀਕੇ ਅੱਡ ਹਨ।

**ਨਿਸੰਗ ਵਰਤਾਰਾ:**- ਬਹੁਤ ਹੀ ਦੁੱਖ ਹੁੰਦਾ ਹੈ,ਜਦੋਂ ਲਾਜ ਸਰਮ,ਜੋ ਅਸੀਂ ਦੇਖੀ ਹੈ,ਉਸ ਤੋਂ ਉਲਟ ਅੱਜ ਬਹੁਤ ਸਾਰੇ (ਔਰਤਾਂ ਤੇ ਮਰਦ) ਇਸ ਪਰਦੇ ਨੂੰ ਲਾਹਕੇ , ਦੁਨੀਆਂ ਨੂੰ ਆਪਾ ਦਿਖਾਕੇ, ਬਹਾਦਰੀ ਦਰਸਾਉਣ ਲੱਗੇ ,ਜ਼ਰਾ ਵੀ ਨਹੀਂ ਝਿਜਕਦੇ। ਉਸ ਤੋਂ ਵੀ ਬੇਸ਼ਰਮੀ ਉਨਾਂ ਪਰਿਵਾਰਿਕ ਮੈਂਬਰਾਂ ਦੀ ਹੈ,ਜੋ ਅਜਿਹੇ ਘਿਨੌਣੇ ਕੰਮ ਦੀ ਕਮਾਈ ਤੇ ਅੱਯਾਸ਼ੀ ਕਰਕੇ,ਬਾਕੀਆਂ ਨੂੰ ਨੀਚਾ ਦਿਖਾਉਂਦੇ ਤੇ ਰੱਬ ਦੇ ਨਾਮ ਨੂੰ ਨਾਲ



ਸ਼ਾਮਿਲ ਕਰਦੇ ਹਨ। ਅਸਲ ਵਿੱਚ ਇਹ ਗੱਲ ਕਿਸੇ ਇੱਕ ਕੰਚਨ ਦੀ ਨਹੀਂ , ਸਗੋਂ ਦੇਖਿਆ ਜਾਵੇ ਤਾਂ ,ਉਸ ਦੀਆਂ ਅਸ਼ਲੀਲਤਾ ਭਰੀਆਂ ਵੀਡੀਓਜ , ਉੱਤੇ,ਸੋਸ਼ਲ ਮੀਡੀਆ ਨਾਲ ਜੁੜੇ ਕੁਝ ਕੁ (ਇਖਲਾਕ ਤੋਂ ਗਿਰੇ ਬਾਸ਼ਿੰਦੇ) ਬੇਸ਼ਰਮੀ ਦੀਆਂ ਹੱਦਾਂ ਬੰਨੇ ਤੋੜਕੇ ਤਾੜੀਆਂ ਮਾਰਨ ਵਾਲੇ, ਬੇਹਯਾ ਮਰਦ, ਅਜਿਹੀਆਂ ਔਰਤਾਂ ਨਾਲ ਸ਼ਰੀਰਕ ਸੰਬੰਧ ਬਨਾਉਣ ਤੇ ਸੋਸ਼ਲ ਮੀਡੀਆ ਉਤੇ ਅੰਤਾਂ ਦੀ ਬੇਸ਼ਰਮੀ ਭਰੀਆਂ ਤਸਵੀਰਾਂ ਪਾਉਣ ਵਾਲੇ ਬਹਾਦਰੀ ਦੇ ਪੁੰਜ, ਵੀ ਹਨ। ਇਕ ਔਰਤ ਨੂੰ ਖਤਮ ਕਰਨ ਨਾਲ ,ਇਹ ਥਾਂ ਥਾਂ ਮੂੰਹ ਮਾਰਨ ਵਾਲੇ ਮਰਦਾਂ ਦਾ ਕੀ ਕਰੋਗੇ? ਮੈਂ ਅਜਿਹੀਆਂ ਔਰਤਾਂ ਨੂੰ ਵੀ ਲਾਹਨਤਾਂ ਦੇਣ ਤੋਂ ਝਿਜਕਦੀ ਨਹੀਂ, ਕਿਉਂਕਿ ਸਮਾਜ ਨੂੰ ਜੇ ਅਸੀਂ ਕੁਝ ਉਸਾਰੂ ਨਹੀਂ ਦੇ ਸਕਦੇ, ਕੇਵਲ ਆਪਣੇ ਆਰਥਿਕ ਤੇ ਅੱਯਾਸ਼ੀ ਨੂੰ ਮੁੱਖ ਰੱਖਕੇ ,ਗੰਧਲਾ ਕਰਨ ਦਾ ਵੀ ਕੋਈ ਹੱਕ ਨਹੀਂ। ਇਸਦੇ ਨਾਲ ਹੀ ਜਿਕਰਯੋਗ ਹੈ ਕਿ ਇੱਕ ਔਰਤ ਇਕੱਲੀ ਕਦੇ ਵੀ ਅਸ਼ਲੀਲਤਾ ਨੂੰ ਇਨੇ ਵੱਡੇ ਸਤਰ ਤੇ ਨਹੀਂ ਪਹੁੰਚਾ ਸਕਦੀ । ਇਸ ਵਿੱਚ ਮਰਦ ਦੀ ਭੂਮਿਕਾ, ਔਰਤ ਨਾਲੋਂ ਵੀ ਜ਼ਿਆਦਾ ਹੈ।ਭੰਡਣ ਲੱਗਿਆਂ ਕਿਸੇ ਇੱਕ ਨੂੰ ਹੀ ਨਹੀਂ,ਸਗੋਂ ਅਜਿਹੀ ਪ੍ਰਵਿਰਤੀ ਵਾਲੇ ਮਰਦਾਂ ਦਾ ਵੀ ਬਰਾਬਰ ਨਾਮ ਆਉਣਾ ਚਾਹੀਦਾ। ਤਾਂ ਹੀ ਸਮਾਜ ਵਿੱਚ ਕੁਝ ਸੁਧਾਰ ਦੀ ਸੰਭਾਵਨਾ ਹੋ ਸਕਦੀ ਹੈ।

**ਔਰਤਾਂ ਦੁਆਰਾ ਪਤੀਆਂ , ਦੋਸਤ ਮਰਦਾਂ ਤੇ ਪਰਿਵਾਰ ਵਾਲਿਆਂ ਦਾ ਕਤਲ ਤੇ ਹੋਰ ਅਨੇਕਾਂ ਪੱਸਰਦੇ ਕੁਕਰਮ:–**

ਇਸ ਵਿਸ਼ੇ ਦੀਆਂ ਹਜ਼ਾਰਾਂ ਤਾਜ਼ੀਆਂ ਉਦਾਹਰਣਾਂ ਹਨ, ਬੈਂਗਲੂਰੂ ਵਿੱਚ ਸੁਭਾਸ਼ ਦਾ, ਪਤਨੀ, ਉਸਦੇ ਪਰਿਵਾਰ ਤੇ ਜ਼ੁਡੀਸ਼ੀਅਰੀ ਵੱਲੋਂ ਬੇਹਿਸਾਬ ਮਾਨਸਿਕ, ਆਰਥਿਕ ਤੇ ਸਮਾਜਿਕ ਪੜਤਾੜਨਾ ਕਾਰਨ ਮੌਤ ਨੂੰ ਗਲੇ ਲਗਾਉਣਾ, ਹੁਣੇ ਹੁਣੇ ਇੰਦੌਰ ਦੇ ਨਵ ਵਿਆਹੇ ,ਜੋੜੇ ਵਿੱਚੋਂ, ਹਨੀਮੂਨ ਤੇ ਗਏ ਜੋੜੇ ਵਿੱਚੋਂ ਪਤਨੀ ਵੱਲੋਂ ਆਪਣੇ ਪ੍ਰੇਮੀ ਨਾਲ ਰਲਕੇ ਪਤੀ ਦਾ ਕਤਲ ।ਇਸ ਤੋਂ ਇਲਾਵਾ ਅਜਿਹੀਆਂ ਹੀ ਹਜ਼ਾਰਾਂ ਘਟਨਾਵਾਂ ਦਾ ਬਰਸਾਤੀ ਖੁੰਬਾਂ ਦੀ ਤਰਾਂ ਨਿੱਤ ਦੇਖਣ ਸੁਨਣ ਨੂੰ ਮਿਲਣਾ । ਕਿਧਰ ਇਸ਼ਾਰਾ ਕਰ ਰਹੀਆਂ ਹਨ ?

ਅਸਹਿਨਸ਼ੀਲਤਾ ਹੱਦਾਂ ਬੰਨ੍ਹੇ ਤੋੜ ਚੁੱਕੀ ਹੈ। ਕੋਈ ਆਪਣੀ ਪਤਨੀ ਦੇ ਕਿਸੇ ਦੂਸਰੇ ਮਰਦ ਨਾਲ ਸੰਬੰਧਤ ਹੋਣ ਦੇ ਸ਼ੱਕ ਕਾਰਨ, ਉਸਦਾ ਸਿਰ ਧੜ ਤੋਂ ਅਲੱਗ ਕਰਕੇ ਗਲੀਆਂ ਬਜ਼ਾਰਾਂ ਵਿੱਚ ਘੁਮਾਈ ਫਿਰਦਾ ਹੈ, ਕੋਈ ਆਪਣੇ ਸਾਥੀ ਦਾ ਕਤਲ ਕਰਕੇ ਡਰੱਮ ਵਿੱਚ ਸੀਮੈਂਟ ਨਾਲ ਸਮਾਂ ਦਿੰਦਾ ਹੇ, ਕੋਈ ਉਸਦੀਆਂ ਬੋਟੀਆਂ ਕਰਕੇ ਕੁੱਕਰ ਵਿੱਚ ਪਕਾ ਕੇ ਤੇ ਤਵੇ ਤੇ ਭੁੰਨਕੇ ਜਾਂ ਅੱਗ ਵਿੱਚ ਸਾੜਕੇ ,ਉਸਦੀ ਸ਼ਿਨਾਖਤ ਮਿਟਾ ਦਿੰਦਾ ਹੈ, ਕੋਈ ਆਪਣੇ ਪ੍ਰੇਮੀ ਜਾਂ ਪ੍ਰੇਮਿਕਾ ਖਾਤਿਰ ,ਆਪਣੇ ਛੋਟੇ ਛੋਟੇ ਬੱਚਿਆਂ ਤੇ ਬਜ਼ੁਰਗਾਂ ਸਮੇਤ ਪੂਰੇ ਪਰਿਵਾਰ ਨੂੰ ਖਤਮ ਕਰਕੇ, ਆਪਣੇ ਹੀ ਘਰ ਦੇ ਕਿਸੇ ਕੋਨੇ ਨੂੰ ਉਨਾਂ ਦੀ ਕਬਰਗਾਹ ਬਣਾ ਦਿੰਦਾ ਹੈ , ਕੋਈ ਮਾਂ ਆਪਣੇ ਸਰੀਰਕ ਅਨੰਦ ਲਈ ,ਆਪਣੇ ਹੀ ਜਾਏ ਮਾਸੂਮ ਦਾ



ਕਤਲ ਕਰ ਦੇਂਦੀ ਹੈ, ਕੋਈ ਮਾਂ ਆਪਣੇ ਹੀ ਮਾਸੂਮ ਨਾਲ ਆਪਣੀ ਸਰੀਰਕ ਭੁੱਖ ਮਿਟਾਉਣ ਲੱਗਿਆਂ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਤਾਰ ਤਾਰ ਕਰਦੀ ਜਾ ਰਹੀ ਹੈ, ਕੋਈ ਬਾਪ ਆਪਣੀਆਂ ਧੀਆਂ ਨਾਲ ਹੀ ਕੁਕਰਮ ਕਰਨ ਲੱਗਿਆਂ ਨਹੀਂ ਝਿਜਕਦਾ, ਕਿਸੇ ਥਾਂ ਮਾਂ ਤੇ ਧੀ ਇੱਕੋ ਬਾਹਰੀ ਸ਼ਖਸ ਨਾਲ ਬੇਸ਼ਰਮੀ ਦੇ ਹੱਦਾਂ ਬੰਨ੍ਹੇ ਤੋੜ ਕੇ ਸ਼ਰੇਆਮ ਸਰੀਰਕ ਸੰਬੰਧਾਂ ਵਿੱਚ ਗੜੁੱਚ ਹਨ ਤੇ ਲੜਕੀ ਆਪਣੀ ਸ਼ਾਦੀ ਹੁੰਦਿਆਂ ਹੀ ਆਪਣੇ ਪਤੀ ਦਾ ਕਤਲ ਕਰ ਦਿੰਦੀ ਹੈ॥

ਇਹ ਕਰੂਰਤਾ ਕੀ ਹਨ ? ਕੀ ਇਸਨੂੰ ਇਨਸਾਨੀਅਤ ਦੇ ਨਾਂ ਹੇਠ ਰੱਖਿਆ ਜਾ ਸਕਦਾ ਹੈ ? ਕੀ ਇੱਕ ਆਮ ਇਨਸਾਨ ਦਾ , ਅਜਿਹੀਆਂ ਹੋਣੀਆਂ ਦੇਖਕੇ ਦਿੱਲੋ ਦਿਮਾਗ ਫਟਦਾ ਨਹੀਂ ਹੈ? ਕੀ ਅੱਜ ਕਿਸੇ ਵੀ ਰਿਸਤੇ ਤੇ ਪੂਰਣ ਤੌਰ ਤੇ ਇਤਬਾਰ ਕੀਤਾ ਜਾ ਸਕਦਾ ਹੈ ? ਕੀ ਇਹ ਕਲਯੁਗ ਦੀਆਂ ਨਿਸ਼ਾਨੀਆਂ ਨਹੀਂ ਹਨ ? ਕੀ ਅਜਿਹੇ ਗਿਰੇ ਹੋਏ ਮਨੁੱਖ ਕਲਯੁਗੀ ਜੀਵ ਨਹੀਂ ਅਖਵਾਉਣੇ ਚਾਹੀਦੇ ?

**ਇਸ ਹੁਮਾਮ ਵਿੱਚ ਸਾਰੇ ਨੰਗੇ:–**

ਹੁਣ ਉਪਰੋਕਤ ਨਾਲੋਂ ਥੋੜੀ ਹਟਕੇ ਗੱਲ । ਬੇਸ਼ੱਕ ਦੁਨੀਆ ਭਰਦੇ ਪੱਧਰ ਤੇ ਬਹੁਤ ਕੁਝ ਗ਼ਲਤ ਹੁੰਦਾ ਰਿਹਾ ਹੈ, ਜਸੂਸੀਆਂ, ਔਰਤਾਂ ਦੇ ਇਸਤੇਮਾਲ,ਚਾਪਲੂਸੀਆਂ ਤੇ ਧੋਖਿਆਂ ਨਾਲ ਮੁਲਕਾਂ ਦੇ ਮੁਲਕ ਤਬਾਹ ਤੇ ਬਰਬਾਦ ਕਰ ਦਿੱਤੇ ਗਏ ,ਹਕੂਮਤਾਂ ਖੋਹ ਲਈਆਂ ਗਈਆਂ। ਗੱਦਾਰੀ ਨਾਲ ਕਰੋੜਾਂ ਜਾਨੀ ਤੇ ਮਾਲੀ ਨੁਕਸਾਨ ਹੋਏ, ਸੰਸਾਰ ਦਾ ਨਕਸ਼ਾ ਹੀ ਪਲਟ ਦਿੱਤਾ ਗਿਆ ਤੇ ਹੋਰ ਬਹੁਤ ਕੁਝ।

ਪਰ ਮੈਂ ਏਥੇ ਕੁਝ ਅਜਿਹੀਆਂ ਊਣਤਾਈਆਂ ਤੇ ਪਲ ਪਲ ਬਦਲਦੇ ਚਰਿੱਤਰ ਦੀ ਗੱਲ ਕਰਨ ਜਾ ਰਹੀ ਹਾਂ । ਇਹ ਉਹ ਰਾਜਸੀ ਤਾਕਤਾਂ ਹਨ ਜੋ ਆਪਣੇ ਆਪ ਨੂੰ ਦੁਨੀਆਂ ਦੀਆਂ ਉੱਚਤਮ ਤਾਕਤਾਂ ਤੇ ਈਮਾਨਦਾਰੀ ਦੀ ਮਿਸਾਲ ਕਹਾਉਂਦੀਆਂ ਹਨ। ਸਿੱਧੇ ਤੌਰ ਤੇ ਮੈਂ ਅਮਰੀਕਾ ਤੇ ਉਥੇ ਦੇ ਰਾਸ਼ਟਰਪਤੀ, ਡੌਨਲਡ ਟਰੰਪ ਵੱਲ ਇਸ਼ਾਰਾ ਕਰ ਰਹੀ ਹਾਂ। ਵੈਸੇ ਤਾਂ ਇਸ ਦੇਸ਼ ਦੀ ਪੁਰਾਣੀ ਆਦਤ ਹੈ , ਹਰ ਮੁਲਕ ਦੇ ਅੰਦਰੂਨੀ ਤੇ ਬਾਹਰੀ ਮਸਲਿਆਂ ਵਿੱਚ ਦਖਲ ਦੇਣਾ । ਉਦਾਂ ਹੀ, “ਸੱਦੀ ਨਾ ਬੁਲਾਈ,ਮੈਂ ਮੁੰਡੇ ਦੀ ਤਾਈ”।

ਹੁਣ ਵਾਲੀ ਗੱਲ ਥੋੜੀ ਹਟਕੇ ਹੈ। ਹੁਣੇ ਹੁਣੇ 2025 ਵਾਲੀ ਭਾਰਤ ਪਾਕਿਸਤਾਨ ਜੰਗ ਦੌਰਾਨ, ਅਚਾਨਕ ਹੀ ਜੰਗ ਬੰਦੀ ਦਾ ਐਲਾਨ, ਟਰੰਪ ਵੱਲੋਂ ਕਰ ਦਿੱਤਾ ਗਿਆ । ਸੋਚਣ ਵਾਲੀ ਗੱਲ ਹੈ , ਉਸਨੂੰ ਇਸ ਵਿਚੋਂ ਕੀ ਮਿਲਣਾ ਸੀ ? ਸੋ ਕਹਾਣੀ ਇੰਨੀ ਹੈ ਕਿ ਉਸਨੂੰ ਕੁਝ ਤਾਂ ਮਿਲਣਾ ਸੀ । ਆਪ ਸਭ ਨੇ ਸੁਨਿਆ ਹੋਣਾ,ਕਿ ਕੁਝ ਕੁ ਦਿਨਾਂ ਬਾਅਦ, ਅਚਾਨਕ ਟਰੰਪ ਨੂੰ ਇੱਕ ਅਮੀਰ ਮਿਡਲ ਈਸਟਰਨ ਦੇਸ਼ ਦੇ ਪ੍ਰਿੰਸ ਨੇ ਆਪਣੇ ਮੁਲਕ ਵਿੱਚ ਦਾਵਤ ਉਪਰ ਬੁਲਾ ਕੇ ਖ਼ੂਬ ਆਵਭਗਤ ਕੀਤੀ ।

ਇਨਾਂ ਹੀ ਨਹੀਂ, ਸਗੋਂ ਮੋਟੀ ਰਕਮ ਦੇ ਰੂਪ ਵਿੱਚ ਨਜ਼ਰਾਨਾ ਵੀ ਪੇਸ਼ ਕੀਤਾ । ਉਹੀ ਲੋਕ ਜਿਹਨਾਂ ਨੂੰ ਇਹੀ ਟਰੰਪ ਅੱਤਵਾਦੀ ਆਖਦਾ ਸੀ ਤੇ ਇਸੇ ਕਾਰਣ ਕਈਆਂ ਦੀ ਹੱਤਿਆ ਕਰ ਚੁਕਿਆ ਤੇ ਕਈਆਂ ਦੇ ਸਿਰ ਤੇ ਲੱਖਾਂ ਡਾਲਰਾਂ ਦੀ ਰਕਮ ਦਾ ਐਲਾਨ ਕੀਤਾ ਹੋਇਆ ਹੈ ।

ਇਸਨੂੰ ਕੀ ਕਹਾਂਗੇ, ਰਾਜਨੀਤੀ? ਨਹੀਂ,ਭ੍ਰਸ਼ਟ ਨੀਤੀ ,ਦਾਦਾਗਿਰੀ, ਥਾਲੀ ਦਾ ਬੈਂਗਣ ਨੀਤੀ ਜਾਂ ਫਿਰ ਮਤਲਬਨੀਤੀ । ਬਹੁਤ ਸਾਰੇ ਮੁਲਕਾਂ ਵਿੱਚ ਜੰਗ ਦੀ ਅੱਗ ਕਿਉਂ ਧੁਖ ਰਹੀ ਹੈ ,ਕਿਓਂਕਿ , ਅਮਰੀਕਾ ਵਿੱਚ ਬਣਦੇ ਜੰਗੀ ਸਾਮਾਨ ਦੀ ਮੰਡੀ ਵੀ ਆਪ ਹੀ ਪੈਦਾ ਕਰਨੀ ਹੈ ,ਨਹੀਂ ਤਾਂ ਹਥਿਆਰ ਜੰਗਾਲ ਨਹੀਂ ਖਾ ਜਾਣਗੇ ? ਅੱਜ ਈਰਾਨ/ਇਜ਼ਰਾਈਲ, ਰਸ਼ੀਆ/ ਯੂਕਰੇਨ, ਭਾਰਤ/ਪਾਕਿਸਤਾਨ ਦੇ ਨਾਲ ਨਾਲ ,ਪੂਰਾ ਸੰਸਾਰ ਤੀਸਰੇ ਤੇ ਪਰਮਾਣੂ ਯੁੱਧ ਦੇ ਮੁਹਾਨੇ ਤੇ ਖੜਾ ਹੈ।

ਉਪਰੋਕਤ ਸਾਰੇ ਹਾਲਾਤਾਂ ਦਾ ਕੀ ਕੋਈ ਸੁਖਾਵਾਂ ਹੱਲ ਨਜ਼ਰ ਆ ਰਿਹਾ ਹੈ ? ਨਹੀਂ,। ਬੱਸ ਹੁਣ ਤਾਂ ਇੱਕੋ ਉੱਤੇ ਡੋਰੀ ਹੈ।ਉਹੀ ਬਹੁੜੇ ਤਾਂ ਹੀ ਬਚਾ ਹੋ ਸਕਦਾ ਹੈ, ਨਹੀਂ ਤਾਂ ਸਭ ਕੁਝ ਗਰਕਣ ਦੇ ਕਿਨਾਰੇ ਖੜਾ ਹੈ। ਬੱਸ ਵਾੜ ਤਾਂ ਖੇਤ ਨੂੰ ਖਾ ਹੀ ਰਹੀ ਹੈ,ਨਾਲ ਹੀ ਖੇਤ ਆਪਣੇ ਆਪ ਨੂੰ ਆਪ ਵੀ ਖਾ ਰਿਹਾ ਹੈ।



# ਭਾਰਤ ਦਾ ਮੈਨੂਫੈਕਚਰਿੰਗ ਖੇਤਰ ਲੰਮੀ ਛਾਲ ਮਾਰਨ ਲਈ ਤਿਆਰ: ਰਿਪੋਰਟ

ਨਵੀਂ ਦਿੱਲੀ- ਭਾਰਤ ਦਾ ਨਿਰਮਾਣ ਖੇਤਰ ਇੱਕ ਮਹੱਤਵਪੂਰਨ ਤਬਦੀਲੀ ਵਿੱਚੋਂ ਗੁਜ਼ਰ ਰਿਹਾ ਹੈ, ਜੋ ਕਿ ਮਜ਼ਬੂਤ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਸਹਾਇਕ ਸਰਕਾਰੀ ਨੀਤੀਆਂ ਦੁਆਰਾ ਪ੍ਰੇਰਿਤ ਹੈ। ਇਹ ਖੁਲਾਸਾ ਕੁਸ਼ਮੈਨ ਐਂਡ ਵੇਕਫੀਲਡ ਦੀ ਨਵੀਂ ਰਿਪੋਰਟ 'Elevaitng Inida's Manufactuirng Reisilence: Charitng the Path to Self-Reilance' ਰਾਹੀਂ ਹੋਇਆ ਹੈ। ਰਿਪੋਰਟ ਵਿੱਚ 94 ਉੱਚ ਅਹੁਦੇ ਵਾਲੇ ਉਦਯੋਗਿਕ ਨੇਤਾਵਾਂ (CEOs, ਪਲਾਂਟ ਹੈਡਸ, ਸਪਲਾਈ ਚੇਨ ਮੈਨੇਜਰ) ਦੇ ਸਰਵੇ 'ਤੇ ਆਧਾਰਿਤ ਜਾਣਕਾਰੀ ਹੈ। 88% ਕੰਪਨੀਆਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਆਪਰੇਸ਼ਨ ਦਾ ਵਿਸਥਾਰ ਕਰਨ ਦੀ ਯੋਜਨਾ ਬਣਾਈ ਹੋਈ ਹੈ। ਇਸ ਵਿਸਥਾਰ ਦੇ ਪਿੱਛੇ ਮੁੱਖ ਤੌਰ 'ਤੇ ਭਾਰਤਮਾਲਾ, ਸਾਗਰਮਾਲਾ, Deidcated Frieght Corirdors ਅਤੇ Naitonal Industiral Corirdor Development ਵਰਗੇ ਪ੍ਰੋਜੈਕਟ ਹਨ।



ਇਹ ਵੀ ਦਰਸਾਇਆ ਗਿਆ ਕਿ 95% ਹਿੱਸੇਦਾਰਾਂ ਨੇ ਲਾਜਿਸਟਿਕਸ ਪਹੁੰਚ ਵਿੱਚ ਸੁਧਾਰ ਮਹਿਸੂਸ ਕੀਤਾ ਅਤੇ 94% ਵੱਡੀਆਂ ਕੰਪਨੀਆਂ ਨੇ ਕਿਹਾ ਕਿ ਇਨਫਰਾਸਟਰਕਚਰ ਅਪਗ੍ਰੇਡ ਉਨ੍ਹਾਂ ਦੀ ਵਿਕਾਸ ਯੋਜਨਾ ਵਿੱਚ ਕੇਂਦਰੀ ਭੂਮਿਕਾ ਨਿਭਾ ਰਿਹਾ ਹੈ। ਉਤਪਾਦਨ ਲਿੰਕਡ ਇਨਸੈਂਟਿਵ (PLI) ਸਕੀਮ ਅਤੇ ਰਾਸ਼ਟਰੀ ਲੌਜਿਸਟਿਕਸ ਨੀਤੀ (NLP) ਵਰਗੀਆਂ ਸਰਕਾਰੀ ਨੀਤੀਗਤ ਪਹਿਲਕਦਮੀਆਂ ਵੀ ਵਪਾਰਕ ਫੈਸਲਿਆਂ ਨੂੰ ਆਕਾਰ ਦੇ ਰਹੀਆਂ ਹਨ। 40 % ਤੋਂ ਵੱਧ ਲੋਕਾਂ ਨੇ ਇਹਨਾਂ ਨੀਤੀਆਂ ਨੂੰ ਮਹੱਤਵਪੂਰਨ ਪ੍ਰਭਾਵ ਵਾਲਾ ਦੱਸਿਆ, ਜਿਸ ਵਿੱਚ MSMEs ਨੂੰ ਖਾਸ ਤੌਰ 'ਤੇ ਬਿਹਤਰ ਕਨੈਕਟੀਵਿਟੀ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਨਾਲ ਲਾਭ ਹੋਇਆ, ਜਿਸਨੂੰ ਸਾਰੇ ਉੱਤਰਦਾਤਾਵਾਂ ਵਿੱਚੋਂ 77 % ਨੇ ਸਵੀਕਾਰ ਕੀਤਾ। ਇਹਨਾਂ ਤਰੱਕੀਆਂ ਦੇ ਬਾਵਜੂਦ, ਕਈ ਵੱਡੀਆਂ ਚੁਣੌਤੀਆਂ ਮੌਜੂਦ ਹਨ।

ਭਾਰਤ ਵਿੱਚ ਉੱਚ ਲੌਜਿਸਟਿਕ ਲਾਗਤਾਂ, ਘੱਟ ਵੇਅਰਹਾਊਸਿੰਗ ਸਮਰੱਥਾ, ਘੱਟੋ-ਘੱਟ ਘਰੇਲੂ ਮੁੱਲ ਜੋੜ ਅਤੇ ਕੁਸ਼ਲਤਾ ਦੀ ਘਾਟ, ਖਾਸ ਕਰਕੇ ੰਸ਼ਓਸ ਵਿੱਚ, ਮੁਕਾਬਲੇਦਾਰੀ ਨੂੰ ਖ਼ਤਰੇ 'ਚ ਪਾ ਰਹੇ ਹਨ। ਇਨ੍ਹਾਂ ਸਮੱਸਿਆਵਾਂ ਦੇ ਹੱਲ ਵਜੋਂ ਰਿਪੋਰਟ ਵਿੱਚ ਪੰਜ-ਪੱਖੀ ਰਣਨੀਤੀ ਦੀ ਸਿਫਾਰਸ਼ ਕੀਤੀ ਗਈ , ਜਿਸ ਵਿੱਚ Plug-and-Play ਇੰਡਸਟਰੀਅਲ ਪਾਰਕਸ, ਮਲਟੀਮੋਡਲ ਲਾਜਿਸਟਿਕ ਨੈੱਟਵਰਕ, ਸਕਿਲ ਡਿਵੈਲਪਮੈਂਟ ਪ੍ਰੋਗਰਾਮ, MSME ਸੁਧਾਰ ਅਤੇ ਨਿਰਯਾਤ ਸੁਵਿਧਾ ਲਈ ਡਿਜੀਟਲ ਪਲੇਟਫਾਰਮ ਸ਼ਾਮਲ ਹਨ। 2025-26 ਦੇ ਕੇਂਦਰੀ ਬਜਟ ਵਿੱਚ 12 Plug-and-Play ਪਾਰਕਸ ਲਈ 2,500 ਕਰੋੜ ਰੁਪਏ ਰਾਖਵਾਏ ਗਏ ਹਨ। 81 % ਕੰਪਨੀਆਂ ਅਗਲੇ ਦੋ ਤੋਂ ਤਿੰਨ ਸਾਲਾਂ ਵਿੱਚ ਵਿਸਥਾਰ ਕਰਨ ਦੀ ਯੋਜਨਾ ਬਣਾ ਰਹੀਆਂ ਹਨ ਅਤੇ 70 % ਟੀਅਰ II ਅਤੇ III ਸ਼ਹਿਰਾਂ ਵਿੱਚ ਜਾਣ ਲਈ ਤਿਆਰ ਹਨ, ਰਿਪੋਰਟ ਨਿਰੰਤਰ ਬੁਨਿਆਦੀ ਢਾਂਚਾ ਨਿਵੇਸ਼ ਦੀ ਜ਼ਰੂਰਤ ਨੂੰ ਉਜਾਗਰ ਕਰਦੀ ਹੈ।






# ਅੰਬੇਡਕਰ ਨੇ ਕਦੇ ਕਿਸੇ ਰਾਜ ਲਈ ਵੱਖਰੇ ਸੰਵਿਧਾਨ ਦੇ ਵਿਚਾਰ ਦਾ ਸਮਰਥਨ ਨਹੀਂ ਕੀਤਾ: CJI ਗਵਈ



ਨਾਗਪੁਰ : ਚੀਫ ਜਸਟਿਸ ਬੀ.ਆਰ. ਗਵਈ ਨੇ ਸ਼ਨੀਵਾਰ ਨੂੰ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਨੇ ਦੇਸ਼ ਨੂੰ ਇਕਜੁੱਟ ਰੱਖਣ ਲਈ ਇੱਕ ਸੰਵਿਧਾਨ ਦੀ ਵਕਾਲਤ ਕੀਤੀ ਸੀ ਅਤੇ ਕਦੇ ਵੀ ਕਿਸੇ ਵੀ ਰਾਜ ਲਈ ਵੱਖਰੇ ਸੰਵਿਧਾਨ ਦੇ ਵਿਚਾਰ ਦਾ ਸਮਰਥਨ ਨਹੀਂ ਕੀਤਾ। ਇੱਥੇ ਸੰਵਿਧਾਨ ਪ੍ਰਸਤਾਵਨਾ ਪਾਰਕ ਦੇ ਉਦਘਾਟਨ ਮੌਕੇ ਬੋਲਦਿਆਂ ਚੀਫ਼ ਜਸਟਿਸ ਨੇ ਕਿਹਾ ਕਿ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਖ਼ਤਮ ਕਰਨ ਦੇ ਕੇਂਦਰ ਦੇ ਫ਼ੈਸਲੇ ਨੂੰ ਬਰਕਰਾਰ ਰੱਖਦੇ ਹੋਏ ਸੁਪਰੀਮ ਕੋਰਟ ਨੇ ਇੱਕ ਸੰਵਿਧਾਨ ਤਹਿਤ ਸੰਯੁਕਤ ਭਾਰਤ ਦੇ ਡਾ. ਅੰਬੇਡਕਰ ਦੇ ਦ੍ਰਿਸ਼ਟੀਕੋਣ ਤੋਂ ਪ੍ਰੇਰਨਾ ਲਈ ਹੈ।

ਚੀਫ਼ ਜਸਟਿਸ ਗਵਈ ਉਸ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਦਾ ਹਿੱਸਾ ਸਨ, ਜਿਸਦੀ ਅਗਵਾਈ ਉਸ ਸਮੇਂ ਦੇ ਚੀਫ਼ ਜਸਟਿਸ ਡੀਵਾਈ ਚੰਦਰਚੂੜ ਨੇ ਕੀਤੀ ਸੀ, ਜਿਸਨੇ ਜੰਮੂ-ਕਸ਼ਮੀਰ ਦੇ ਸਾਬਕਾ ਰਾਜ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਰੱਦ ਕਰਨ ਦੇ ਕੇਂਦਰ ਦੇ ਫੈਸਲੇ ਨੂੰ ਸਰਬਸੰਮਤੀ ਨਾਲ ਬਰਕਰਾਰ ਰੱਖਿਆ ਸੀ। ਮਰਾਠੀ ਵਿੱਚ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, "ਜਦੋਂ ਧਾਰਾ 370 ਨੂੰ ਚੁਣੌਤੀ ਦਿੱਤੀ ਗਈ ਸੀ, ਇਹ ਸਾਡੇ ਸਾਹਮਣੇ ਆਈ ਅਤੇ ਜਦੋਂ ਸੁਣਵਾਈ ਚੱਲ ਰਹੀ ਸੀ, ਮੈਨੂੰ ਡਾ. ਅੰਬੇਡਕਰ ਦੇ ਸ਼ਬਦ ਯਾਦ ਆਏ ਕਿ ਇੱਕ ਦੇਸ਼ ਲਈ ਸਿਰਫ਼ ਇੱਕ ਸੰਵਿਧਾਨ ਢੁਕਵਾਂ ਹੈ... ਜੇਕਰ ਅਸੀਂ ਦੇਸ਼ ਨੂੰ ਇੱਕਜੁੱਟ ਰੱਖਣਾ ਚਾਹੁੰਦੇ ਹਾਂ, ਤਾਂ ਸਾਨੂੰ ਸਿਰਫ਼ ਇੱਕ ਸੰਵਿਧਾਨ ਦੀ ਲੋੜ ਹੈ।"

ਕੇਂਦਰ ਨੇ 5 ਅਗਸਤ, 2019 ਨੂੰ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਰੱਦ ਕਰ ਦਿੱਤਾ ਅਤੇ ਇਸਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ। ਇਸ ਸਮਾਗਮ ਵਿੱਚ, ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਉਹ ਖੁਸ਼ ਹਨ ਕਿ ਚੀਫ਼ ਜਸਟਿਸ ਗਵਈ ਨੇ ਸੰਵਿਧਾਨ ਪ੍ਰਸਤਾਵਨਾ ਪਾਰਕ ਦਾ ਉਦਘਾਟਨ ਕੀਤਾ ਅਤੇ ਡਾ: ਅੰਬੇਡਕਰ ਦੀ ਮੂਰਤੀ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਆਜ਼ਾਦੀ, ਸਮਾਨਤਾ ਅਤੇ ਭਾਈਚਾਰਾ ਸੰਵਿਧਾਨ ਦੇ ਰੂਪ ਵਿੱਚ ਡਾ. ਅੰਬੇਡਕਰ ਦੁਆਰਾ ਦੇਸ਼ ਨੂੰ ਦਿੱਤੇ ਗਏ ਅਨਮੋਲ ਤੋਹਫ਼ੇ ਹਨ।

ਗਡਕਰੀ ਨੇ ਕਿਹਾ ਕਿ ਸੰਵਿਧਾਨ ਵਿੱਚ ਲੋਕਤੰਤਰ ਦੇ ਚਾਰ ਥੰਮ੍ਹਾਂ, ਅਰਥਾਤ ਕਾਰਜਪਾਲਿਕਾ, ਨਿਆਂਪਾਲਿਕਾ, ਵਿਧਾਨਪਾਲਿਕਾ ਅਤੇ ਮੀਡੀਆ ਦੇ ਅਧਿਕਾਰਾਂ ਅਤੇ ਕਰਤੱਵਾਂ ਦਾ ਸਪੱਸ਼ਟ ਤੌਰ 'ਤੇ ਜ਼ਿਕਰ ਹੈ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਸੀਜੇਆਈ ਗਵਈ ਭਾਰਤ ਦੇ ਮੁੱਖ ਜੱਜ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਕੁਸ਼ਲਤਾ ਨਾਲ ਨਿਭਾ ਰਹੇ ਹਨ। ਉਨ੍ਹਾਂ ਕਿਹਾ, "ਜੇਕਰ ਅਸੀਂ ਪ੍ਰਸਤਾਵਨਾ ਦੇ ਮੁੱਲਾਂ ਨੂੰ ਸਵੀਕਾਰ ਕਰਦੇ ਹਾਂ, ਤਾਂ ਦੇਸ਼ ਦੀਆਂ 90 ਪ੍ਰਤੀਸ਼ਤ ਸਮੱਸਿਆਵਾਂ ਹਮੇਸ਼ਾ ਲਈ ਹੱਲ ਹੋ ਜਾਣਗੀਆਂ।"

# ਪੰਜਾਬ 'ਚ ਬੇਅਦਬੀ ਮਾਮਲਿਆਂ 'ਤੇ ਸਜ਼ਾ ਲਈ ਆਵੇਗਾ ਨਵਾਂ ਕਾਨੂੰਨ



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਸਬੰਧੀ ਮਾਮਲਿਆਂ ਲਈ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਕਾਨੂੰਨ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਇਹ ਪ੍ਰਕਿਰਿਆ ਜਲਦੀ ਹੀ ਪੂਰੀ ਕੀਤੀ ਜਾਵੇਗੀ ਅਤੇ ਇਸ ਮੁੱਦੇ 'ਤੇ ਜਲਦੀ ਕੈਬਨਿਟ ਮੀਟਿੰਗ ਵੀ ਸੱਦੀ ਜਾਵੇਗੀ। ਆਪਣੀ ਸਰਕਾਰੀ ਰਿਹਾਇਸ਼ ਵਿਖੇ ਅਧਿਕਾਰੀਆਂ ਅਤੇ ਸਰਬ ਧਰਮ ਬੇਅਦਬੀ ਰੋਕੋ ਕਾਨੂੰਨ ਮੋਰਚਾ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਨੇ ਸਮੁੱਚੀ ਦੁਨੀਆਂ ਨੂੰ ਆਪਸੀ ਪਿਆਰ ਅਤੇ ਸਹਿਣਸ਼ੀਲਤਾ ਦਾ ਰਸਤਾ ਦਿਖਾਇਆ ਹੈ।

ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਮਾਜਵਾਦ ਅਤੇ ਧਰਮ ਨਿਰਪੱਖਤਾ ਦੇ ਵਿਲੱਖਣ ਸੁਮੇਲ ਦੇ ਨਾਲ-ਨਾਲ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਭਾਈਚਾਰੇ ਦਾ ਪ੍ਰਤੀਕ ਹੈ। ਮੁੱਖ ਮੰਤਰੀ ਮਾਨ ਨੇ ਦੁਹਰਾਇਆ ਕਿ ਸੂਬਾ ਸਰਕਾਰ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਕ ਠੋਸ ਸੂਬਾਈ ਕਾਨੂੰਨ ਬਣਾਉਣ ਲਈ ਸਰਕਾਰ ਵੱਲੋਂ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ ਤਾਂ ਜੋ ਅਪਰਾਧੀਆਂ ਨੂੰ ਸਖ਼ਤ ਸਜ਼ਾ ਯਕੀਨੀ ਬਣਾਈ ਜਾ ਸਕੇ। ਹਰ ਇਕ ਲਈ ਨਿਆਂ ਨੂੰ ਯਕੀਨੀ ਬਣਾਉਣ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮਾਨ ਨੇ ਕਿਹਾ ਕਿ ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ 'ਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਮੁਲਜ਼ਮਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਮਾਜਵਾਦ ਅਤੇ ਧਰਮ ਨਿਰਪੱਖਤਾ ਦੇ ਵਿਲੱਖਣ ਸੁਮੇਲ ਦੇ ਨਾਲ-ਨਾਲ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਭਾਈਚਾਰੇ ਦਾ ਪ੍ਰਤੀਕ ਹੈ।

ਮੁੱਖ ਮੰਤਰੀ ਮਾਨ ਨੇ ਦੁਹਰਾਇਆ ਕਿ ਸੂਬਾ ਸਰਕਾਰ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਕ ਠੋਸ ਸੂਬਾਈ ਕਾਨੂੰਨ ਬਣਾਉਣ ਲਈ ਸਰਕਾਰ ਵੱਲੋਂ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ ਤਾਂ ਜੋ ਅਪਰਾਧੀਆਂ ਨੂੰ ਸਖ਼ਤ ਸਜ਼ਾ ਯਕੀਨੀ ਬਣਾਈ ਜਾ ਸਕੇ। ਹਰ ਇਕ ਲਈ ਨਿਆਂ ਨੂੰ ਯਕੀਨੀ ਬਣਾਉਣ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮਾਨ ਨੇ ਕਿਹਾ ਕਿ ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ 'ਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਮੁਲਜ਼ਮਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ।

# ਕਰੂਜ਼ ਦੇ ਆਕਾਰ 'ਚ ਬਣਿਆ 'ਦ ਲੂਈਸ' ਸਟੋਰ



ਬੀਜਿੰਗ- ਲਗਜ਼ਰੀ ਫੈਸ਼ਨ ਬ੍ਰਾਂਡ ਲੂਈਸ ਵਿਟਨ ਆਪਣੇ ਵਿਲੱਖਣ ਡਿਜ਼ਾਈਨ ਕੀਤੇ ਸਟੋਰਾਂ ਲਈ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਹੈ। ਇਸ ਲੜੀ ਵਿੱਚ ਇਸਨੇ ਚੀਨ ਦੇ ਸ਼ੰਘਾਈ ਵਿੱਚ ਇੱਕ ਸਟੋਰ 'ਦ ਲੂਈਸ' ਖੋਲ੍ਹਿਆ ਹੈ। ਇਹ ਕਰੂਜ਼-ਆਕਾਰ ਵਾਲਾ ਸਟੋਰ ਸੈਂਟਰਲ ਸ਼ੰਘਾਈ ਵਿੱਚ ਹੈ। ਜਦੋਂ ਇਸਨੂੰ ਸ਼ਨੀਵਾਰ ਨੂੰ ਜਨਤਾ ਲਈ ਖੋਲ੍ਹਿਆ ਗਿਆ, ਤਾਂ ਲੋਕ ਫੋਟੋਆਂ ਅਤੇ ਸੈਲਫੀ ਕਲਿੱਕ ਕਰਦੇ ਰਹੇ।




ਬਹੁਤ ਸਾਰੇ ਉਤਪਾਦ ਸ਼ਿੱਪ ਦੇ ਆਕਾਰ ਦੇ ਹਨ। ਇਹ ਸ਼ਾਇਦ ਇਸ ਡਿਜ਼ਾਈਨ ਵਾਲਾ ਬ੍ਰਾਂਡ ਦਾ ਪਹਿਲਾ ਸਟੋਰ ਹੈ। ਇਸ 30 ਮੀਟਰ ਉੱਚੇ ਸਟੋਰ ਦੀਆਂ ਤਿੰਨ ਮੰਜ਼ਿਲਾਂ ਹਨ। ਡੈੱਕ 'ਤੇ ਇੱਕ ਕੈਫੇ ਹੈ, ਜੋ ਕਿ ਬੀਚ 'ਤੇ ਹੋਣ ਦਾ ਅਹਿਸਾਸ ਦਿੰਦਾ ਹੈ। ਅੰਦਰੂਨੀ ਹਿੱਸੇ ਨੂੰ ਕਰੂਜ਼ ਵਰਗਾ ਦਿੱਖ ਦਿੱਤਾ ਗਿਆ ਹੈ। ਉਤਪਾਦਾਂ ਨੂੰ ਸੜਕ ਦੇ ਦੋਵੇਂ ਪਾਸੇ ਇੱਕ ਪ੍ਰਦਰਸ਼ਨੀ ਵਾਂਗ ਪ੍ਰਦਰਸ਼ਿਤ ਵੀ ਕੀਤਾ ਗਿਆ ਹੈ। ਲੂਈਸ ਵਿਟਨ ਦੇ ਦੁਨੀਆ ਭਰ ਦੇ 60 ਦੇਸ਼ਾਂ ਵਿੱਚ 460 ਸਟੋਰ ਹਨ। ਭਾਰਤ ਵਿੱਚ 5 ਸਟੋਰ ਹਨ, ਜੋ ਕਿ ਮੁੰਬਈ, ਦਿੱਲੀ, ਬੰਗਲੌਰ ਅਤੇ ਚੇਨਈ ਵਿੱਚ ਹਨ।



## 'ਸਰਦਾਰ ਜੀ 3' ਵਿਵਾਦ 'ਚ ਪਾਕਿ ਕਲਾਕਾਰਾਂ 'ਤੇ ਬੈਨ ਨੂੰ ਲੈ ਕੇ ਭੜਕੀ ਇਹ ਅਦਾਕਾਰਾ





ਜਿਵੇਂ ਹੀ ਦਿਲਜੀਤ ਦੋਸਾਂਝ ਦੀ ਆਉਣ ਵਾਲੀ ਪੰਜਾਬੀ ਫਿਲਮ ਸਰਦਾਰ ਜੀ 3 ਦਾ ਟ੍ਰੇਲਰ ਆਇਆ ਸੋਸ਼ਲ ਮੀਡੀਆ 'ਤੇ ਇਸ ਬਾਰੇ ਬਹਿਸ ਤੇਜ਼ ਹੋ ਗਈ। ਪ੍ਰਸ਼ੰਸਕਾਂ ਨੇ ਫਿਲਮ ਵਿੱਚ ਦਿਲਜੀਤ ਅਤੇ ਨੀਰੂ ਬਾਜਵਾ ਦੇ ਨਾਲ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਦੀ ਮੌਜੂਦਗੀ ਨੇ ਵਿਵਾਦ ਖੜ੍ਹਾ ਕਰ ਦਿੱਤਾ।

ਲੋਕ ਦਿਲਜੀਤ ਦੀ ਭਾਰਤ ਵਿੱਚ ਪਾਬੰਦੀ ਲੱਗਣ ਦੇ ਬਾਵਜੂਦ ਪਾਕਿਸਤਾਨੀ ਸਿਤਾਰਿਆਂ ਨਾਲ ਕੰਮ ਕਰਨ ਲਈ ਸਖ਼ਤ ਆਲੋਚਨਾ ਕਰ ਰਹੇ ਹਨ। ਇਸ ਦੇ ਨਾਲ ਹੀ ਹੁਣ ਤੇਲਗੂ ਫਿਲਮ ਇੰਡਸਟਰੀ ਦੀ ਮਸ਼ਹੂਰ ਅਦਾਕਾਰਾ ਲਕਸ਼ਮੀ ਮਾਂਚੂ ਨੇ ਇਸ ਪੂਰੇ ਵਿਵਾਦ 'ਤੇ ਖੁੱਲ੍ਹ ਕੇ ਆਪਣੀ ਰਾਏ ਦਿੱਤੀ ਹੈ। ਲਕਸ਼ਮੀ ਨੇ ਨਾ ਸਿਰਫ਼ ਪਾਕਿਸਤਾਨੀ ਕਲਾਕਾਰਾਂ 'ਤੇ ਲਗਾਈ ਜਾ ਰਹੀ ਪਾਬੰਦੀ 'ਤੇ ਸਵਾਲ ਉਠਾਏ, ਸਗੋਂ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਸਬੰਧਾਂ 'ਤੇ ਵੀ ਡੂੰਘਾਈ ਨਾਲ ਚਰਚਾ ਕੀਤੀ।

ਉਨ੍ਹਾਂ ਨੇ ਕਿਹਾ, "ਹੁਣ ਸਾਡਾ ਦਿਲ ਕਿੱਥੇ ਹੈ? ਉਹ ਇੱਕ ਅਦਾਕਾਰ ਦੇ ਪਿੱਛੇ ਕਿਉਂ ਹਨ? ਉਹ ਭਾਰਤ ਲਈ ਕੀ ਖ਼ਤਰਾ ਹੈ ਅਤੇ ਉਨ੍ਹਾਂ ਦੇ ਇੰਸਟਾਗ੍ਰਾਮ 'ਤੇ ਪਾਬੰਦੀ ਲਗਾਉਣਾ? ਜਿਵੇਂ ਤੁਸੀਂ ਕਿੰਨੇ ਅਸੁਰੱਖਿਅਤ ਹੋ?"

ਅਦਾਕਾਰਾ ਨੇ ਕਿਹਾ ਕਿ ਫੁੱਟ ਪਾਓ ਅਤੇ ਰਾਜ ਕਰੋ ਦੀ ਨੀਤੀ ਅਪਣਾਉਣ ਦੀ ਬਜਾਏ ਲੋਕਾਂ ਨੂੰ ਸਾਂਝੇ ਆਧਾਰ ਲੱਭਣ ਅਤੇ ਦੁਸ਼ਮਣ ਨਾਲ ਲੜਨ ਲਈ ਇੱਕਜੁੱਟ ਹੋਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

ਲਕਸ਼ਮੀ ਮਾਂਚੂ ਨੇ ਅੰਤ ਵਿੱਚ ਕਿਹਾ ਕਿ ਜਦੋਂ ਕਲਾਕਾਰਾਂ ਦੀ ਗੱਲ ਆਉਂਦੀ ਹੈ ਤਾਂ ਉਹ ਦੁਖੀ ਹੁੰਦੀ ਹੈ ਕਿਉਂਕਿ ਹਰ ਕੋਈ ਸਿਰਫ਼ ਫਿਲਮਾਂ ਕਰ ਰਿਹਾ ਹੈ ਜਦੋਂ ਕਿ ਮਨੋਰੰਜਨ ਕਰਨ ਵਾਲਿਆਂ ਦਾ ਕੰਮ ਸਮਾਜ ਨੂੰ ਸ਼ੀਸ਼ਾ ਦਿਖਾਉਣਾ ਅਤੇ ਇਹ ਦਿਖਾਉਣਾ ਹੈ ਕਿ ਅਸਲ ਵਿੱਚ ਕੀ ਹੋ ਰਿਹਾ ਹੈ।

## 'ਸਰਦਾਰ ਜੀ 3' ਤੋਂ ਨੀਰੂ ਬਾਜਵਾ ਨੇ ਬਣਾਈ ਦੂਰੀ, ਹਾਨੀਆ ਆਮਿਰ ਨੂੰ ਕੀਤਾ UnFollow

ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਦੀ ਨਵੀਂ ਫਿਲਮ 'ਸਰਦਾਰ ਜੀ 3' ਵਿੱਚ ਪਾਕਿਸਤਾਨੀ ਅਦਾਕਾਰਾ ਹਨੀਆ ਆਮਿਰ ਨੂੰ ਕਾਸਟ ਕਰਨ 'ਤੇ ਵੱਡਾ ਵਿਵਾਦ ਖੜ੍ਹਾ ਹੋਣ ਮਗਰੋਂ ਫਿਲਮ ਦੀ ਮੁੱਖ ਅਦਾਕਾਰਾ ਨੀਰੂ ਬਾਜਵਾ ਨੇ ਆਪਣੇ ਇੰਸਟਾਗ੍ਰਾਮ ਤੋਂ ਇਸ ਫਿਲਮ ਨਾਲ ਜੁੜੀਆਂ ਸਾਰੀਆਂ ਪੋਸਟਾਂ ਡਿਲੀਟ ਕਰ ਦਿੱਤੀਆਂ ਹਨ। ਦੱਸ ਦੇਈਏ ਕਿ 'ਸਰਦਾਰ ਜੀ 3' ਨੂੰ ਭਾਰਤ ਨੂੰ ਛੱਡ ਕੇ 27 ਜੂਨ ਨੂੰ ਵਿਸ਼ਵ ਭਰ ਦੇ ਸਿਨੇਮਾਘਰਾਂ 'ਚ ਰਿਲੀਜ਼ ਕਰ ਦਿੱਤਾ ਗਿਆ ਹੈ।

ਨੀਰੂ ਬਾਜਵਾ ਨੇ ਇਹ ਕਦਮ ਫਿਲਮ ਦੀ ਵਿਦੇਸ਼ਾਂ ਵਿਚ ਰਿਲੀਜ਼ ਤੋਂ ਇਕ ਦਿਨ ਪਹਿਲਾਂ (26 ਜੂਨ) ਚੁੱਪਚਾਪ ਚੁੱਕਿਆ। ਇੱਕ Redidt ਪੋਸਟ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਨੀਰੂ ਨੇ ਹਾਨੀਆ ਆਮਿਰ ਨੂੰ ਵੀ ਇੰਸਟਾਗ੍ਰਾਮ 'ਤੇ ਅਣਫੋਲੋ ਕਰ ਦਿੱਤਾ ਹੈ। ਨੀਰੂ ਦੀ ਹਾਲ ਦੀ ਪੋਸਟ ਵਿਚ 'Son of Sardaar 2' ਦੇ ਟੀਜ਼ਰ ਦੀ ਗੱਲ ਕੀਤੀ ਗਈ ਹੈ, ਪਰ 'ਸਰਦਾਰ ਜੀ 3' ਦਾ ਕੋਈ ਜ਼ਿਕਰ ਨਹੀਂ ਹੈ।

ਦਿਲਜੀਤ ਦੋਸਾਂਝ ਨੇ ਹਾਲ ਹੀ 'ਚ 'ਸਰਦਾਰ ਜੀ 3' ਦਾ ਟ੍ਰੇਲਰ ਜਾਰੀ ਕੀਤਾ ਸੀ, ਜਿਸ 'ਚ ਪਾਕਿ ਅਦਾਕਾਰਾ ਹਾਨੀਆ ਆਮਿਰ ਨੂੰ ਵੇਖ ਕੇ ਲੋਕ ਨਾ ਸਿਰਫ ਫਿਲਮ ਦੀ ਆਲੋਚਨਾ ਕਰ ਰਹੇ ਹਨ, ਸਗੋਂ ਦਿਲਜੀਤ ਦਾ ਵੀਜ਼ਾ ਰੱਦ ਕਰਨ ਦੀ ਮੰਗ ਵੀ ਹੋ ਰਹੀ ਹੈ। ਅਜਿਹਾ ਇਸ ਲਈ ਕਿਉਂਕਿ ਪਹਿਲਗਾਮ ਹਮਲੇ ਤੋਂ ਬਾਅਦ, ਭਾਰਤ ਵਿੱਚ ਪਾਕਿਸਤਾਨੀ ਕਲਾਕਾਰਾਂ 'ਤੇ ਪਾਬੰਦੀ ਲੱਗੀ ਹੋਈ ਹੈ। FWICE (Federaiton of Western Inida iCne Employees) ਨੇ ਵੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਚਿੱਠੀ ਲਿਖ ਕੇ ਦਿਲਜੀਤ ਅਤੇ ਮੈਕਰਜ਼ ਦੇ ਪਾਸਪੋਰਟ ਰੱਦ ਕਰਨ ਅਤੇ ਉਨ੍ਹਾਂ ਦੀ ਨਾਗਰਿਕਤਾ ਖਤਮ ਕਰਨ ਦੀ ਮੰਗ ਕੀਤੀ ਹੈ। ਉਥੇ ਹੀ ਮੈਕਰਜ਼ ਨੇ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਹਾਨੀਆ ਆਮਿਰ ਨੂੰ ਫਿਲਮ ਵਿੱਚ ਹਮਲੇ ਤੋਂ ਪਹਿਲਾਂ ਹੀ ਕਾਸਟ ਕੀਤਾ ਗਿਆ ਸੀ ਅਤੇ ਇਹ ਫਿਲਮ ਤਣਾਅ ਵਧਣ ਤੋਂ ਪਹਿਲਾਂ ਹੀ ਸ਼ੂਟ ਹੋ ਚੁੱਕੀ ਸੀ।




## 'ਮੇਰੀ ਪਰੀ ਲਈ ਦੁਆ ਕਰਨਾ...', ਸਸਕਾਰ ਮਗਰੋਂ ਮੀਡੀਆ ਅੱਗੇ ਹੱਥ ਜੋੜ ਕੇ ਖੜ੍ਹ ਗਏ ਸ਼ੈਫਾਲੀ ਦੇ ਪਤੀ

ਮੁੰਬਈ - ਮਸ਼ਹੂਰ ਅਦਾਕਾਰਾ ਤੇ ਡਾਂਸਰ ਸ਼ੈਫ਼ਾਲੀ ਜਰੀਵਾਲਾ ਦਾ 27 ਜੂਨ ਨੂੰ ਅਚਾਨਕ ਦਿਹਾਂਤ ਹੋ ਗਿਆ, ਜਿਸ ਨਾਲ ਉਨ੍ਹਾਂ ਦੇ ਚਹੇਤਿਆਂ ਅਤੇ ਪਰਿਵਾਰਕ ਮੈਂਬਰਾਂ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

ਸ਼ੈਫ਼ਾਲੀ ਦੇ ਪਤੀ ਪਾਰਾਗ ਤਿਆਗੀ ਨੇ ਸ਼ਨੀਵਾਰ ਦੀ ਸ਼ਾਮ ਓਸ਼ੀਵਾਰਾ ਸ਼ਮਸ਼ਾਨ ਘਾਟ 'ਤੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ। ਇਸ ਦੌਰਾਨ ਉਹ ਭਾਵੁਕ ਹੋ ਗਏ ਅਤੇ ਮੀਡੀਆ ਨੂੰ ਹੱਥ ਜੋੜ ਕੇ ਸੰਵੇਦਨਸ਼ੀਲ ਹੋਣ ਦੀ ਅਪੀਲ ਕੀਤੀ ਅਤੇ ਸਾਰਿਆਂ ਨੂੰ ਸ਼ੈਫਾਲੀ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕਰਨ ਲਈ ਕਿਹਾ।

ਉਨ੍ਹਾਂ ਭਾਵੁਕ ਹੋ ਕੇ ਕਿਹਾ, "ਕਿਰਪਾ ਕਰਕੇ ਮਜ਼ਾਕ ਬਿਲਕੁਲ ਨਾ ਬਣਾਇਓ... ਮੈਂ ਬੇਨਤੀ ਕਰਦਾ ਹਾਂ ਬੱਸ...ਮੇਰੀ ਪਰੀ ਲਈ ਦੁਆ ਕਰਿਓ ਤੁਸੀਂ ਸਾਰੇ ਲੋਕ, ਉਹ ਜਿੱਥੇ ਵੀ ਰਹੇ ਖੁਸ਼ ਰਹੇ ਅਤੇ ਸ਼ਾਂਤੀ ਨਾਲ ਰਹੇ।"

ਰਿਪੋਰਟਾਂ ਅਨੁਸਾਰ, ਸ਼ੈਫ਼ਾਲੀ ਨੂੰ ਸ਼ਨੀਵਾਰ ਤੜਕੇ ਬੈਲਵਿਊ ਮਲਟੀਸਪੈਸ਼ਲਟੀ ਹਸਪਤਾਲ ਲਿਆਂਦਾ ਗਿਆ ਸੀ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਸ਼ੁਰੂਆਤੀ ਰਿਪੋਰਟਾਂ ਵਿਚ ਦਿਲ ਦੇ ਦੌਰੇ ਨੂੰ ਮੌਤ ਦਾ ਕਾਰਨ ਦੱਸਿਆ ਗਿਆ, ਪਰ ਅਸਲ ਕਾਰਨ ਹਾਲੇ ਤੱਕ ਸਪਸ਼ਟ ਨਹੀਂ ਹੋ ਸਕਿਆ।





ਸ਼ੈਫ਼ਾਲੀ ਜਰੀਵਾਲਾ ਨੂੰ ਸਭ ਤੋਂ ਵੱਧ ਲੋਕ 2002 ਦੇ ਮਸ਼ਹੂਰ ਮਿਊਜ਼ਿਕ ਵੀਡੀਓ 'ਕਾਂਟਾ ਲੱਗਾ' ਰਾਹੀਂ ਜਾਣਦੇ ਹਨ, ਜਿਸ ਨੇ ਉਨ੍ਹਾਂ ਨੂੰ ਰਾਤੋ-ਰਾਤ ਪ੍ਰਸਿੱਧੀ ਦਿਵਾਈ। ਉਨ੍ਹਾਂ ਨੇ 2004 ਦੀ ਹਿਟ ਫ਼ਿਲਮ 'ਮੁਝਸੇ ਸ਼ਾਦੀ ਕਰੋਗੀ' 'ਚ ਵੀ ਕੰਮ ਕੀਤਾ ਸੀ।

ਇਸ ਤੋਂ ਇਲਾਵਾ ਉਹ ਬਿਗ ਬੌਸ 13 (2019) ਅਤੇ ਨਚ ਬੱਲੀਏ ਸੀਜ਼ਨ 5 ਅਤੇ 7 'ਚ ਵੀ ਆਪਣੇ ਪਤੀ ਨਾਲ ਹਿੱਸਾ ਲੈ ਚੁੱਕੀ ਹੈ। ਉਨ੍ਹਾਂ ਦੀ ਅਚਾਨਕ ਮੌਤ ਨੇ ਪੂਰੇ ਮਨੋਰੰਜਨ ਜਗਤ ਨੂੰ ਝੰਝੋੜ ਕੇ ਰੱਖ ਦਿੱਤਾ ਹੈ। ਫੈਨਜ਼ ਅਤੇ ਸੈਲੀਬਰਿਟੀਜ਼ ਵੱਲੋਂ ਸੋਸ਼ਲ ਮੀਡੀਆ ਰਾਹੀਂ ਸ਼ਰਧਾਂਜਲੀਆਂ ਦੇਣ ਦਾ ਸਿਲਸਿਲਾ ਜਾਰੀ ਹੈ।

# ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ

## ਜ਼ਵੈਣ (Bishop's Weed)



ਜ਼ਵੈਣ ਛਾਤੀ ਦੀਆਂ ਤਕਲੀਫ਼ਾਂ ਦੇ ਨਾਲ ਬਲਗਮ, ਸਾਹ, ਫੇਫੜਿਆਂ ਦੇ ਰੋਗਾਂ ਦੀ ਅਚੁੱਕ ਦਵਾਈ ਹੈ। ਜ਼ਵੈਣ ਦਾ ਸਤ (ਅਰਕ) ਸੈਲਾਂ ਦੀਆਂ ਝਿੱਲੀਆਂ ਦੀ ਸੁਰੱਖਿਆ ਕਰਨ ਵਿਚ ਮੱਦਦ ਕਰਦਾ ਹੈ। ਉਹ ਇਕ ਐਂਟੀ-ਆਕਸੀਡੈਂਟ, ਐਂਟੀ ਬੈਕਟੀਰੀਅਲ ਅਤੇ ਐਂਟੀ ਫੰਗਲ (ਉੱਲੀ-ਅਵਰੋਧਕ) ਦਾ ਕੰਮ ਵੀ ਕਰਦਾ ਹੈ। ਮੈਂਗਨੀਜ਼, ਲੋਹਾ (ਆਇਰਨ), ਕੈਲਸੀਅਮ ਨਾਲ ਭਰਪੂਰ ਇਹ ਸੂਖਮ ਜੀਵਾਣੂੰਆਂ ਰਾਹੀਂ ਭੋਜਨ ਨੂੰ ਖਰਾਬ ਹੋਣ ਤੋਂ ਵੀ ਬਚਾਉਂਦੀ ਹੈ। ਜ਼ਵੈਣ ਸਰੀਰ ਦੀ ਸਫ਼ਾਈ ਵਿਚ ਮੱਦਦ ਕਰਦੀ ਹੈ। ਤਲੇ ਹੋਏ ਭੋਜਨ, ਪਰੌਂਠੇ ਜਾਂ ਪਕੌੜੇ ਆਦਿ ਵਿਚ ਅਕਸਰ ਜ਼ਵੈਣ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਨਾਲ ਇਹ ਵਸਤੂਆਂ ਛੇਤੀ ਹਜ਼ਮ ਹੋ ਜਾਂਦੀਆਂ ਹਨ। ਚੌਲਾਂ ਵਿਚ ਥੋੜੀ ਜਿਹੀ ਜ਼ਵੈਣ ਪਾ ਦੇਣ ਨਾਲ ਇਸਦੀ ਮਹਿਕ ਵਧ ਜਾਂਦੀ ਹੈ ਅਤੇ ਜਿਸ ਕਾਰਨ ਭੁੱਖ ਲੱਗਦੀ ਹੈ। ਜ਼ਵੈਣ ਹਲਦੀ, ਮਿਰਚ, ਜ਼ੀਰਾ, ਕਾਲੀ ਮਿਰਚ, ਧਨੀਆਂ ਆਦਿ ਦੇ ਨਾਲ ਵੀ ਵਰਤੀ ਜਾਂਦੀ ਹੈ। ਮੂੰਗੀ ਜਾਂ ਮਾਂਹਾਂ ਦੀ ਦਾਲ ਨੂੰ ਤੜਕਾ ਲਾਉਣ ਸਮੇਂ ਥੋੜੀ ਜਿਹੀ ਜ਼ਵੈਣ ਪਾ ਦੇਣ ਨਾਲ ਸਵਾਦ ਵਧ ਜਾਂਦਾ ਹੈ। ਜ਼ਵੈਣ ਤਾਜ਼ੀ ਅਤੇ ਨਵੀਂ ਹੀ ਵਰਤਣੀ ਚਾਹੀਦੀ ਹੈ। ਪੁਰਾਣੀ ਹੋ ਜਾਣ ਤੇ ਇਸਦੇ ਤੇਲ ਯੁਕਤ ਉਪਯੋਗੀ ਤੱਤ ਨਸ਼ਟ ਹੋ ਜਾਂਦੇ ਹਨ। ਪੁਰਾਣੀ ਜ਼ਵੈਣ ਲਾਭ ਨਹੀਂ ਕਰਦੀ।

- ਸਰੀਰ ਵਿਚ ਕਿਧਰੇ ਵੀ ਦਰਦ ਹੋਵੇ। ਜ਼ਵੈਣ ਦੀ ਚਟਣੀ ਬਣਾਕੇ ਦਰਦ ਵਾਲੀ ਥਾਂ ਤੇ ਲੇਪ ਕਰਨ ਨਾਲ ਦਰਦ ਖਤਮ ਹੋ ਜਾਂਦਾ ਹੈ। ਜਦੋਂ ਲੇਪ ਸੁੱਕ ਜਾਵੇ ਤਾਂ ਸੂਤੀ ਕੱਪੜੇ ਨਾਲ ਸੇਕ ਵੀ ਦਿੱਤਾ ਜਾ ਸਕਦਾ ਹੈ। ਜੇਕਰ ਪੇਟ ਦਰਦ ਹੋਵੇ ਤਾਂ ਵੀ ਇਸ ਤਰ੍ਹਾਂ ਹੀ ਕੀਤਾ ਜਾ ਸਕਦਾ ਹੈ।
- ਜੇ ਅੱਧੇ ਸਿਰ ਦਾ ਦਰਦ (ਮਾਈਗ੍ਰੇਨ) ਹੋਵੇ ਤਾਂ ਬਾਰੀਕ ਮਲਮਲ ਦੇ ਕੱਪੜੇ ਵਿਚ ਜ਼ਵੈਣ ਦਾ ਪਾਊਡਰ ਲਪੇਟਕੇ ਸੁੰਘਦੇ ਰਹੋ। ਇਸ ਨਾਲ ਮਾਈਗ੍ਰੇਨ ਦੇ ਦੌਰੇ ਨੂੰ ਤੁਰੰਤ ਲਾਭ ਪਹੁੰਚਦਾ ਹੈ।
- ਕਬਜ਼, ਗੈਸ, ਜੋੜਾਂ ਦਾ ਦਰਦ ਪੈਦਾ ਕਰਦੀ ਹੈ। ਇਸ ਦਰਦ ਨੂੰ ਵਧਾਉਂਦੀ ਹੈ। ਜ਼ਵੈਣ ਤੇ ਕਾਲਾ ਲੂਣ ਬਰਾਬਰ ਮਾਤਰਾ ਵਿਚ ਮਿਲਾਕੇ ਅਰਕ ਦਰਦ ਵਾਲੀ ਥਾਂ ਤੇ ਮਲਣ ਨਾਲ ਵੀ ਰਾਹਤ ਮਿਲਦੀ ਹੈ। ਬਦਨ ਦਰਦ, ਸਿਰ ਦਰਦ, ਸਿਰ ਦਾ ਭਾਰੀਪਣ ਜ਼ਵੈਣ ਚੱਬਣ ਨਾਲ ਦੂਰ ਹੋ ਜਾਂਦੇ ਹਨ।
- ਜ਼ਵੈਣ ਦੀ ਬੀੜੀ ਜਾਂ ਸਿਗਰਟ ਬਣਾਕੇ ਪੀਣ ਜਾਂ ਸੁੰਘਣ ਨਾਲ ਜੁਕਾਮ ਠੀਕ ਹੋ ਜਾਂਦਾ ਹੈ। 5-6 ਗ੍ਰਾਮ ਜ਼ਵੈਣ ਤਵੇ ਤੇ ਭੁੰਨਕੇ ਜਾਂ ਕੱਚੀ ਹੀ ਪਤਲੇ ਕੱਪੜੇ ਵਿਚ ਬੰਨ੍ਹਕੇ ਹਥੇਲੀ ਨਾਲ ਰਗੜਕੇ ਸੁੰਘਣ ਨਾਲ ਜੁਕਾਮ ਖਤਮ ਹੋ ਜਾਂਦਾ ਹੈ। ਇਕ ਚਮਚਾ ਜ਼ਵੈਣ ਤੇ ਇਸਤੋਂ ਚੌਗੁਣਾ ਗੁੜ ਇਕ ਗਿਲਾਸ ਪਾਣੀ ਵਿਚ ਪਾਕੇ ਉਬਾਲੋ। ਅੱਧਾ ਪਾਣੀ ਰਹਿ ਜਾਣ ਤੇ ਪੁਣ ਲਵੋ, ਗਰਮ ਗਰਮ ਪੀਕੇ ਮੂੰਹ ਸਿਰ ਢਕ ਕੇ ਲੇਟ ਜਾਵੋ। ਜੁਕਾਮ ਵਿਚ ਲਾਭ ਹੋਵੇਗਾ। ਖੰਘ ਵਿਚ ਵੀ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ।
- ਜ਼ਵੈਣ ਵਿਚ ਇਕ ਖਾਸ ਕਿਸਮ ਦਾ ਤੇਲ ਹੁੰਦਾ ਹੈ। ਜ਼ਵੈਣ ਵਿਚ ਐਂਟੀ-ਮਾਈਕ੍ਰੋਬੀਅਲ (ਸੂਖ਼ਮ ਜੀਵਾਣੂੰਆਂ ਨੂੰ ਖਤਮ ਕਰਨ ਵਾਲਾ) ਤੱਤ ਹੁੰਦਾ ਹੈ। ਇਹ ਨੱਕ ਵਿਚ ਜੰਮੇ ਹੋਏ ਬੈਕਟੀਰੀਆ ਨੂੰ ਨਸ਼ਟ ਕਰ ਦਿੰਦਾ ਹੈ, ਬੰਦ ਨੱਕ ਨੂੰ ਖੋਹਲ ਦਿੰਦਾ ਹੈ। ਪਤੀਲੀ ਵਿਚ ਪਾਣੀ ਪਾ ਕੇ ਤਿੰਨ-ਚਾਰ ਚਮਚੇ ਜ਼ਵੈਣ ਚੰਗੀ ਤਰ੍ਹਾਂ ਉਬਾਲੋ। ਜਦੋਂ ਪੂਰੀ ਭਾਫ਼ ਨਿਕਲਣ ਲੱਗੇ ਤਾਂ ਤੌਲੀਏ ਨਾਲ ਮੂੰਹ ਸਿਰ ਢਕਕੇ ਪਤੀਲੀ ਦੇ ਨਜ਼ਦੀਕ ਲੈ ਜਾਵੋ। ਜਿੰਨੀ ਕੁ ਗਰਮੀ ਬਰਦਾਸ਼ਤ ਹੋ ਸਕੇ, ਉਨੀ ਦੂਰੀ ਤੇ ਰਹੋ। ਨੱਕ ਰਾਹੀਂ ਸਾਹ ਲੈ ਕੇ ਭਾਫ਼ ਅੰਦਰ ਖਿੱਚੋ ਅਤੇ ਮੂੰਹ ਰਾਹੀਂ ਬਾਹਰ ਕੱਢੋ। ਇਸ ਤਰ੍ਹਾਂ ਭਾਫ਼ ਵਿਚ ਸਾਹ ਲੈਣ ਨਾਲ ਬੰਦ ਨੱਕ ਖੁੱਲ੍ਹ ਜਾਵੇਗਾ। ਸਿਰ ਦਰਦ, ਸਾਈਨਸ ਦਾ ਦਰਦ ਠੀਕ ਹੋ ਜਾਵੇਗਾ।
- ਜ਼ਵੈਣ ਦਾ ਪਾਊਡਰ ਇਕ ਚਮਚਾ ਹਰ ਰੋਜ਼ ਦੋ ਵਾਰੀ ਪੀਣ ਨਾਲ ਫੱਕੀ ਲੈਂਦੇ ਰਹਿਣ ਤੇ ਮਸਾਣੇ ਅਤੇ ਗੁਰਦੇ ਦੀ ਪੱਥਰੀ ਨਿਕਲ ਜਾਂਦੀ ਹੈ। ਦਰਦ ਹੁੰਦਾ ਹੋਵੇ ਤਾਂ ਗਰਮ ਦੁੱਧ ਨਾਲ ਲਵੋ। ਹਰ ਰੋਜ਼ ਇਕ ਵਾਰ ਭੋਜਨ ਦੇ ਮਗਰੋਂ ਅੱਧਾ ਚਮਚਾ ਪੀਸੀ ਹੋਈ ਜ਼ਵੈਣ ਦੀ ਫੱਕੀ ਲੈਣ ਨਾਲ ਗੁਰਦੇ ਦੇ ਦਰਦ ਵਿਚ ਲਾਭ ਹੁੰਦਾ ਹੈ। ਜ਼ਵੈਣ ਚਾਰ ਚਮਚੇ, ਤੁਲਸੀ ਦੇ ਸੁੱਕੇ ਪੱਤੇ ਚਾਰ ਚਮਚੇ, ਸੇਂਧਾ ਲੂਣ ਦੋ ਚਮਚੇ, ਇਹਨਾਂ ਨੂੰ ਪੀਸਕੇ ਇਕ-ਇਕ ਚਮਚਾ ਦੋ ਵਾਰੀ ਗਰਮ ਪਾਣੀ ਨਾਲ ਫੱਕੀ ਲੈਣ ਤੇ ਗੁਰਦੇ ਦੇ ਦਰਦ ਤੋਂ ਰਾਹਤ ਮਿਲਦੀ ਹੈ।
- ਜੇਕਰ ਪੇਸ਼ਾਬ ਵੱਧ ਆਉਂਦਾ ਹੋਵੇ ਤਾਂ ਅੱਧਾ ਚਮਚਾ ਜ਼ਵੈਣ ਹਰ ਦੋ ਘੰਟੇ ਬਾਦ ਚਬਾਓ ਅਤੇ ਦੋ ਘੁੱਟ ਪਾਣੀ ਪੀ ਲਵੋ। ਜਦੋਂ ਵੀ ਸ਼ਰਾਬ ਪੀਣ ਨੂੰ ਜੀਅ ਕਰੇ ਚੁਟਕੀ ਭਰ ਜ਼ਵੈਣ ਚਬਾਉ। ਜੇਕਰ ਪੀਣ ਦੀ ਇੱਛਾ ਖ਼ਤਮ ਨਾ ਹੋਵੇ ਜ਼ਵੈਣ ਚਬਾਉਂਦੇ ਰਹੋ। ਰਸ ਚੂਸਦੇ ਰਹੋ। ਕੁੱਝ ਦਿਨ ਇਸ ਤਰ੍ਹਾਂ ਕਰਦੇ ਰਹਿਣ ਨਾਲ ਸ਼ਰਾਬ ਦੀ ਆਦਤ ਛੁੱਟ ਜਾਵੇਗੀ।
- ਇਕ ਚਮਚਾ ਜ਼ਵੈਣ ਦੋ ਚਮਚੇ ਤਿਲਾਂ ਦੇ ਤੇਲ ਵਿਚ ਮਿਲਾਕੇ ਕਾੜ੍ਹ ਲਵੋ। ਇਸਨੂੰ ਪੁਣਕੇ ਕੋਸਾ-ਕੋਸਾ ਕੰਨ ਵਿਚ ਪਾਵੋ। ਕੰਨ ਦਾ ਦਰਦ ਠੀਕ ਹੋ ਜਾਵੇਗਾ। ਫੂੰਨਸੀ ਵੀ ਨਹੀਂ ਰਹੇਗੀ।
- 15 ਗ੍ਰਾਮ ਜ਼ਵੈਣ, 5 ਗ੍ਰਾਮ ਸੇਂਧਾ ਲੂਣ, ਪੀਸਕੇ 50 ਗ੍ਰਾਮ ਸ਼ਹਿਦ ਵਿਚ ਮਿਲਾਵੋ। ਇਸਨੂੰ ਦਿਨ ਵਿਚ ਤਿੰਨ ਚਾਰ ਵਾਰੀ ਚੱਟੋ। ਕੁੱਤਾ ਖਾਂਸੀ ਵਿਚ ਲਾਭ ਮਿਲੇਗਾ।
- ਪੀਸੀ ਹੋਈ ਜ਼ਵੈਣ ਅੱਧਾ ਚਮਚਾ ਤਿੰਨ ਵਾਰੀ ਹਰ ਰੋਜ਼ ਗਰਮ ਪਾਣੀ ਨਾਲ ਫੱਕੀ ਲਵੋ। ਦਮੇ ਦੇ ਦੌਰੇ ਵਿਚ ਲਾਭ ਹੁੰਦਾ ਹੈ। ਦੌਰਾ ਨਾ ਹਟਣ ਦੀ ਸੂਰਤ ਵਿਚ ਅੱਧੇ ਘੰਟੇ ਬਾਦ ਲੈਂਦੇ ਰਹੋ। ਜੇਕਰ ਖਾਣਾ ਖਾਣ ਦੇ ਬਾਦ ਛਾਤੀ ਵਿਚ ਦਰਦ ਹੋਵੇ ਤਾਂ ਚੌਥਾਈ ਚਮਚਾ ਜ਼ਵੈਣ ਅਤੇ ਦੋ ਬਦਾਮ ਖਾਵੋ। ਲਾਭ ਹੋਵੇਗਾ।
- ਇਕ ਚਮਚਾ ਜ਼ਵੈਣ ਪਾ ਕੇ ਗਰਮ ਪਾਣੀ ਪੀਣ ਨਾਲ ਖਾਂਸੀ ਦੂਰ ਹੋ ਜਾਂਦੀ ਹੈ। ਪਾਨ ਵਿਚ ਜ਼ਵੈਣ ਪਾਕੇ ਖਾਣ ਨਾਲ ਰਾਤ ਨੂੰ ਖਾਂਸੀ ਨਹੀਂ ਆਉਂਦੀ। ਖਾਂਸੀ ਜਾਂ ਬਲਗਮ ਹੋ ਜਾਣ ਤੇ 10 ਚਮਚੇ ਜ਼ਵੈਣ ਨੂੰ ਥੋੜਾ ਜਿਹਾ ਭੁੰਨਕੇ ਸਵਾਦ ਅਨੁਸਾਰ ਕਾਲਾ ਲੂਣ ਮਿਲਾਕੇ ਰੱਖ ਲਵੋ। ਦਿਨ ਵਿਚ ਤਿੰਨ ਵਾਰੀ ਅੱਧਾ ਚਮਚਾ ਮੂੰਹ ਵਿਚ ਪਾਕੇ ਉਸਦਾ ਰਸ ਚੂਸਦੇ ਰਹੋ। ਗਲੇ ਨੂੰ ਆਰਾਮ ਮਿਲੇਗਾ ਅਤੇ ਖਾਂਸੀ ਤੇ ਬਲ਼ਗਮ ਵੀ ਠੀਕ ਹੋਣਗੇ। ਇਕੋ ਜਿਹੀ ਮਾਤਰਾ ਵਿਚ ਪੀਸੀ ਹੋਈ ਸੁੰਢ ਅਤੇ ਜ਼ਵੈਣ ਮਿਲਾਕੇ ਅੱਧਾ-ਅੱਧਾ ਚਮਚਾ ਗਰਮ ਪਾਣੀ ਨਾਲ ਦੋ ਵਾਰੀ ਫੱਕੀ ਲਵੋ। ਖਾਂਸੀ, ਬਲਗਮ (ਕਫ) ਵਿਚ ਲਾਭ ਹੋਵੇਗਾ। ਬਲਗਮ ਦੀ ਦੁਰਗੰਧ ਵੀ ਖਤਮ ਹੋ ਜਾਵੇਗੀ। ਪੀਸੀ ਹੋਈ ਜਵੈਣ 5 ਚਮਚੇ ਵਿਚ ਇਕ ਚਮਚਾ ਲੂਣ ਮਿਲਾਕੇ, ਇਸ ਮਿਸ਼ਰਣ ਦਾ ਇਕ ਚਮਚਾ ਸ਼ਹਿਦ ਵਿਚ ਮਿਲਾਕੇ ਹਰ ਰੋਜ਼ ਤਿੰਨ ਵਾਰੀ ਖਾਣ ਨਾਲ ਸੁੱਕੀ, ਗਿੱਲੀ ਖਾਂਸੀ ਠੀਕ ਹੋ ਜਾਂਦੀ ਹੈ। ਪਾਨ ਵਾਲੇ ਕੋਲੋਂ ਮਿੱਠਾ ਪਾਨ ਜਿਸ ਵਿਚ ਮੁਲੱਠੀ, ਭੁੰਨੀ ਹੋਈ ਸੁਪਾਰੀ ਦਾ ਚੂਰਾ, ਭੁੰਨਿਆ ਲੌਂਗ, ਪਾਨ ਦਾ ਡੰਡਲ, ਮਸਾਲੇ ਆਦਿ ਮਿਲਵਾਕੇ ਖਾਵੋ। ਇਸ ਵਿਚ ਚੌਥਾਈ ਚਮਚਾ ਜ਼ਵੈਣ ਜਰੂਰ ਮਿਲਾ ਲਵੋ। ਰਸ ਪੀ ਜਾਵੋ, ਥੁੱਕੋ ਨਾ। ਜਦੋਂ ਤੱਕ ਪਾਨ ਮੂੰਹ ਵਿਚ ਰਹੇਗਾ ਖਾਂਸੀ ਨਹੀਂ ਆਵੇਗੀ। ਡੇਢ ਕੱਪ ਪਾਣੀ ਵਿਚ ਇਕ ਚਮਚਾ ਜ਼ਵੈਣ, ਥੋੜਾ ਜਿਹਾ ਲੂਣ ਮਿਲਾਕੇ ਐਨਾ ਉਬਾਲੋ ਕਿ ਪਾਣੀ ਅੱਧਾ ਰਹਿ ਜਾਵੇ। ਇਸਨੂੰ ਪੁਣਕੇ ਹਰ ਰੋਜ਼ ਦੋ ਵਾਰੀ ਪੀਵੋ। ਖਾਂਸੀ ਤੋਂ ਰਾਹਤ ਮਿਲੇਗੀ। ਇਹ ਗਰਮ ਗਰਮ ਹੀ ਪੀਣਾ ਹੈ। ਇਕ ਚੌਥਾਈ ਚਮਚਾ ਜ਼ਵੈਣ, ਥੋੜਾ ਜਿਹਾ ਲੂਣ, ਇਕ ਲੌਂਗ ਸਭ ਨੂੰ ਮਿਲਾਕੇ ਹੌਲ਼ੀ ਹੌਲ਼ੀ ਚਬਾਉਣ ਤੇ ਰਸ ਚੂਸਦੇ ਰਹੋ। ਅਖੀਰ ਵਿਚ ਇਹ ਸਭ ਕੁਝ ਖਾ ਲਵੋ। ਇਹ ਗਲੇ ਦੇ ਦਰਦ, ਫ਼ਲੂ ਦੇ ਮਗਰੋਂ ਵਾਲੀ ਖਾਂਸੀ ਆਦਿ ਵਿਚ ਗੁਣਕਾਰੀ ਹੈ।
- ਬੁਖਾਰ ਜੇਕਰ ਠੰਢ ਲੱਗਕੇ ਹੋਵੇ ਤਾਂ ਅੱਧਾ ਚਮਚਾ ਪੀਸੀ ਹੋਈ ਜ਼ਵੈਣ ਦੀ ਫੱਕੀ ਗਰਮ ਪਾਣੀ ਨਾਲ ਦਿਨ ਵਿਚ ਤਿੰਨ ਵਾਰੀ ਲਵੋ। ਪੁਰਾਣੇ ਬੁਖਾਰ ਵਿਚ 15 ਗ੍ਰਾਮ ਜ਼ਵੈਣ ਸੁਬਾਹ ਮਿੱਟੀ ਦੇ ਭਾਂਡੇ ਵਿਚ ਇਕ ਕੱਪ ਪਾਣੀ ਪਾਕੇ ਭਿਉਂ ਦੇਵੋ। ਦਿਨ ਨੂੰ ਛਾਵੇਂ ਅਤੇ ਰਾਤ ਨੂੰ ਬਾਹਰ ਤ੍ਰੇਲ ਵਿਚ ਰੱਖੋ। ਦੂਜੇ ਦਿਨ ਸਵੇਰੇ ਪੁਣਕੇ ਪਾਣੀ ਪੀ ਲਵੋ। ਇਸਨੂੰ 15-20 ਦਿਨ ਪੀਂਦੇ ਰਹੋ, ਬੁਖਾਰ ਠੀਕ ਨਾ ਹੋਣ ਤੱਕ ਪੀਂਦੇ ਰਹੋ। ਇਸ ਨਾਲ ਭੁੱਖ ਵੀ ਲੱਗਣ ਲੱਗ ਜਾਵੇਗੀ। ਜਿਗਰ ਅਤੇ ਤਿੱਲੀ ਦਾ ਵਧਣਾ ਵੀ ਠੀਕ ਹੋ ਜਾਵੇਗਾ। ਮੂੰਹ ਦਾ ਸਵਾਦ ਵੀ ਠੀਕ ਹੋਵੇਗਾ।
- ਜ਼ਵੈਣ ਅਤੇ ਨਿੰਮ ਦੇ ਹਰੇ ਪੱਤੇ ਬਰਾਬਰ ਮਾਤਰਾ ਵਿਚ ਲੈ ਕੇ ਪੀਸ ਲਵੋ। ਦੋਨਾਂ ਕੰਨਪੱਟੀਆਂ ਤੇ ਲੇਪ ਕਰੋ। ਇਕ ਘੰਟੇ ਬਾਦ ਧੋ ਦੇਵੋ। ਨਕਸੀਰ ਬੰਦ ਹੋ ਜਾਵੇਗੀ। ਅੱਖਾਂ ਨੂੰ ਬਚਾਕੇ ਰੱਖੋ ਤਾਂ ਕਿ ਇਹ ਪਾਣੀ ਉਹਨਾਂ ਵਿਚ ਨਾ ਚਲਾ ਜਾਵੇ। ਜੇਕਰ ਬਿਸਤਰੇ ਵਿਚ ਪੇਸ਼ਾਬ ਨਿਕਲ ਜਾਂਦਾ ਹੋਵੇ ਤਾਂ ਇਕ ਚੌਥਾਈ ਚਮਚਾ ਪੀਸੀ ਹੋਈ ਜ਼ਵੈਣ ਹਰ ਰੋਜ਼ ਦੋ ਵਾਰੀ ਸੁਬਾਹ ਅਤੇ ਰਾਤ ਨੂੰ ਪਾਣੀ ਨਾਲ ਫੱਕੀ ਦੇਵੋ। ਇਸ ਵਿਚ ਗੁੜ ਮਿਲਾਕੇ ਖਾਧਾ ਵੀ ਜਾ ਸਕਦਾ ਹੈ।
- ਜ਼ਵੈਣ ਇਕ ਚਮਚਾ, ਕਾਲਾ ਲੂਣ ਇਕ ਚੌਥਾਈ ਚਮਚਾ ਦੋਵਾਂ ਨੂੰ ਪੀਸਕੇ ਲੱਸੀ ਵਿਚ ਮਿਲਾਕੇ ਪੀਵੋ। ਗੈਸ ਦੇ ਗੋਲ਼ੇ ਨੂੰ ਆਰਾਮ ਆ ਜਾਵੇਗਾ।
- ਤਿੰਨ ਤੋਂ ਸੱਤ ਬੂੰਦਾਂ ਜ਼ਵੈਣ ਦਾ ਤੇਲ ਪੀਣ ਨਾਲ ਪੇਟ ਦੇ ਕੀੜੇ ਖਤਮ ਹੋ ਜਾਂਦੇ ਹਨ। ਜ਼ਵੈਣ ਦਾ ਚੂਰਨ 4-5 ਗ੍ਰਾਮ ਲੱਸੀ ਦੇ ਇਕ ਗਿਲਾਸ ਵਿਚ ਮਿਲਾਕੇ ਪੀਣ ਨਾਲ ਪੇਟ ਦੇ ਕੀੜੇ ਨਸ਼ਟ ਹੋ ਜਾਂਦੇ ਹਨ। ਪੀਸੀ ਹੋਈ ਜਵੈਣ 25 ਗ੍ਰਾਮ ਅੱਧਾ ਕਿਲੋ ਪਾਣੀ ਵਿਚ ਭਿਉਂਕੇ ਰਾਤ ਨੂੰ ਰੱਖ ਦੇਵੋ। ਸੁਬਾਹ ਇਸਨੂੰ ਚੰਗੀ ਤਰ੍ਹਾਂ ਉਬਾਲੋ। ਜਦੋਂ ਚੌਥਾ ਹਿੱਸਾ ਪਾਣੀ ਰਹਿ ਜਾਵੇ ਤਾਂ ਇਸਨੂੰ ਪੁਣ ਲਵੋ। ਕੁੱਝ ਠੰਢਾ ਹੋ ਜਾਣ ਤੇ ਪਿਲਾਵੋ। ਇਸ ਤਰ੍ਹਾਂ ਸੁਬਾਹ ਸ਼ਾਮ ਪੀਣ ਨਾਲ ਪੇਟ ਦੇ ਛੋਟੇ ਛੋਟੇ ਕੀੜੇ ਮਰ ਜਾਂਦੇ ਹਨ। ਇਹ ਖੁਰਾਕ ਬਾਲਗਾਂ ਲਈ ਹੈ। ਬੱਚਿਆਂ ਨੂੰ ਇਸ ਤੋਂ ਅੱਧੀ ਖੁਰਾਕ ਦੇਵੋ। ਪੀਸੀ ਹੋਈ ਜ਼ਵੈਣ 50 ਗ੍ਰਾਮ ਨੂੰ 25 ਗ੍ਰਾਮ ਗੁੜ ਵਿਚ ਮਿਲਾਕੇ ਇਸ ਦੀਆਂ ਬਰਾਬਰ ਬਰਾਬਰ 10 ਗੋਲੀਆਂ ਬਣਾਕੇ ਸੁਬਾਹ ਸ਼ਾਮ ਇਕ ਇਕ ਗੋਲੀ ਖਾਵੋ। ਪੇਟ ਦੇ ਕੀੜੇ ਨਹੀਂ ਰਹਿਣਗੇ। ਇਸ ਨਾਲ ਪੇਟ ਦਰਦ ਵੀ ਠੀਕ ਹੋ ਜਾਂਦਾ ਹੈ।
- ਸੁਬਾਹ ਨਿਰਣੇ ਕਾਲਜੇ ਜਾਂ ਖਾਲੀ ਪੇਟ ਥੋੜਾ ਜਿਹਾ ਗੁੜ ਖਾਵੋ। ਸਾਰੇ ਕੀੜੇ ਇਕੱਠੇ ਹੋ ਜਾਣਗੇ। ਇਸਦੇ ਕਰੀਬ ਅੱਧੇ ਘੰਟੇ ਬਾਦ ਇਕ ਚਮਚਾ ਪੀਸੀ ਹੋਈ ਜ਼ਵੈਣ ਦੀ ਪਾਣੀ ਨਾਲ ਫੱਕੀ ਲੈ ਲਵੋ। ਇਸਨੂੰ ਇਕ ਮਹੀਨੇ ਵਿਚ ਇਕ ਵਾਰੀ ਜਰੂਰ ਕਰਦੇ ਰਹੋ। ਕੀੜੇ ਨਿਕਲ ਜਾਣਗੇ। ਅੱਧਾ ਚਮਚਾ ਪੀਸੀ ਹੋਈ ਜ਼ਵੈਣ ਵਿਚ ਚੁਟਕੀ ਭਰ ਕਾਲਾ ਲੂਣ ਮਿਲਾਕੇ ਰਾਤ ਨੂੰ ਹਰ ਰੋਜ਼ ਗਰਮ ਪਾਣੀ ਨਾਲ ਦੇਣ ਤੇ ਬੱਚਿਆਂ ਦੇ ਪੇਟ ਦੇ ਕੀੜਿਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਭੋਜਨ ਦੇ ਬਾਦ ਇਕ ਚੌਥਾਈ ਚਮਚਾ ਜ਼ਵੈਣ ਚਬਾਕੇ ਹਰ ਰੋਜ਼ ਪਾਣੀ ਪੀਵੋ। ਪੇਟ ਦੇ ਲੰਬੇ ਕੀੜੇ ਖਤਮ ਹੋ ਜਾਣਗੇ। ਜੇਕਰ ਭੁੱਖ ਨਾ ਲੱਗਦੀ ਹੋਵੇ ਤਾਂ ਜਵੈਣ ਵਿਚ ਸਵਾਦ ਅਨੁਸਾਰ ਕਾਲਾ ਲੂਣ ਮਿਲਾਕੇ ਗਰਮ ਪਾਣੀ ਨਾਲ ਫੱਕੀ ਲਵੋ। ਜੇਕਰ ਬੱਚੇ ਨੂੰ ਪੇਟ ਦਰਦ ਹੋਵੇ, ਹਰੇ ਪੀਲੇ ਰੰਗ ਦੀਆਂ ਟੱਟੀਆਂ ਤੇ ਉਲਟੀਆਂ ਹੋਣ ਤਾਂ ਮਾਂ ਦੇ ਦੁੱਧ ਵਿਚ ਚਾਰ ਪੰਜ ਦਾਣੇ ਜ਼ਵੈਣ ਦੇ ਪੀਸਕੇ ਪਿਲਾਉਣ ਨਾਲ ਲਾਭ ਹੁੰਦਾ ਹੈ।

# .ਫਲਾਂ ਅਤੇ ਸਬਜ਼ੀਆਂ ਰਾਹੀਂ ਰੋਗਾਂ ਦਾ ਸਸਤਾ ਘਰੇਲੂ ਇਲਾਜ

## ਲਸਣ (Garlic)



• ਲਸਣ ਹਰ ਦਾਲ ਤੇ ਸਬਜ਼ੀ ਦਾ ਇੱਕ ਅਹਿਮ ਅੰਗ ਹੈ। ਜੇਕਰ ਇੰਝ ਵੀ ਆਖ ਦੇਈਏ ਕਿ ਲਸਣ ਦੇ ਬਿਨਾਂ ਕੋਈ ਵੀ ਦਾਲ-ਸਬਜ਼ੀ ਅਧੂਰੀ ਹੈ ਤਾਂ ਇਹ ਵੀ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਜਿੱਥੇ ਲਸਣ ਸਵਾਦ ਨੂੰ ਵਧਾਉਂਦਾ ਹੈ, ਉਥੇ ਇਸਦੇ ਰੋਗਾਂ ਦਾ ਇਲਾਜ ਕਰਨ ਦੇ ਗੁਣ ਵੀ ਕੋਈ ਘੱਟ ਨਹੀਂ।

• ਖੰਘ, ਖਾਂਸੀ ਤਾਂ ਇੱਕ ਆਮ ਜਿਹੀ ਗੱਲ ਹੈ। ਇਸ ਤੋਂ ਰਾਹਤ ਪਾਉਣ ਦੇ ਲਈ ਲਸਣ ਦੇ ਰਸ ਦਾ ਅੱਧਾ ਚਮਚਾ, ਸ਼ਹਿਦ ਵਿਚ ਮਿਲਾਕੇ ਚੱਟਣਾ ਚਾਹੀਦਾ ਹੈ।

• ਗਲ਼ੇ ਦਾ ਦਰਦ ਕਾਫ਼ੀ ਕਸ਼ਟਦਾਇਕ ਹੁੰਦਾ ਹੈ। ਲਸ਼ਣ ਦੀਆਂ ਚਾਰ ਪੰਜ ਪੋਥੀਆਂ ਦੀ ਸਿਰਕੇ ਵਿਚ ਚਟਣੀ ਬਣਾਕੇ ਚੱਟਣ ਨਾਲ ਆਰਾਮ ਆ ਜਾਂਦਾ ਹੈ।

• ਦਮੇ ਦੇ ਰੋਗੀਆਂ ਨੂੰ ਹਰ ਰੋਜ਼ ਖਾਣੇ ਦੇ ਨਾਲ ਲਸਣ ਦੀਆਂ ਪੰਜ-ਛੇ ਪੋਥੀਆਂ ਖਾ ਲੈਣੀਆਂ ਫਾਇਦੇਮੰਦ ਹੁੰਦੀਆਂ ਹਨ।

• ਇਹ ਤਾਂ ਹਰ ਇੱਕ ਦੀ ਇੱਛਾ ਹੁੰਦੀ ਹੈ। ਕਿ ਉਹ ਮਰਦੇ ਦਮ ਤੱਕ ਨੌ-ਬਰ-ਨੌਂ ਰਹੇ। ਇਹ ਤਮੰਨਾ ਪੂਰੀ ਕਰਨ ਲਈ 250 ਗ੍ਰਾਮ ਨਿੰਬੂਆਂ ਦਾ ਰਸ ਇੱਕ ਕੱਚ ਦੇ ਬਰਤਨ ਵਿਚ ਭਰਕੇ ਉਸ ਵਿਚ ਐਨੀ ਹੀ ਮਾਤਰਾ ਵਿਚ ਲਸਣ ਪੀਸਕੇ ਮਿਲਾ ਲਵੋ। ਇਕ ਦਿਨ ਇਸਨੂੰ ਢਕਕੇ ਰੱਖੋ। ਇਸਦਾ ਇੱਕ ਚਮਚਾ ਗਰਮ ਪਾਣੀ ਨਾਲ ਹਰ ਰੋਜ਼ ਪੀਂਦੇ ਰਹੋ।

• ਲਸਣ ਦੀ ਗੰਧ ਖਤਮ ਕਰਨ ਦੇ ਲਈ ਲਸਣ ਨੂੰ ਛਿੱਲ ਲੈਣਾ ਚਾਹੀਦਾ ਹੈ। ਰਾਤ ਨੂੰ ਪਾਣੀ ਵਿਚ ਭਿਉਂਕੇ ਰੱਖਣਾ ਚਾਹੀਦਾ ਹੈ। ਜੇਕਰ ਲੱਸੀ ਮਿਲ ਜਾਵੇ ਤਾਂ ਉਸ ਵਿਚ ਭਿਉਂਕੇ ਰੱਖਣਾ ਚਾਹੀਦਾ ਹੈ। ਲਸਣ ਖਾਣ ਤੋਂ ਬਾਅਦ ਸੁੱਕਾ ਧਨੀਆਂ ਚੱਬਕੇ ਖਾਣ ਨਾਲ ਵੀ ਇਸਦੀ ਗੰਧ ਨਹੀਂ ਆਉਂਦੀ।

• ਲਸਣ ਨੂੰ ਸਾਰੇ ਸੰਸਾਰ ਵਿਚ ਕਿਸੇ ਨਾ ਕਿਸੇ ਰੂਪ ਵਿਚ ਖਾਧਾ ਜਾਂਦਾ ਹੈ। ਇਸ ਵਿਚ ਵਿਟਾਮਿਨ ਸੀ ਹੁੰਦਾ ਹੈ ਜਿਹੜਾ ਬਹੁਤ ਸਾਰੇ ਰੋਗਾਂ ਤੋਂ ਬਚਾਉਂਦਾ ਹੈ। ਲਸਣ ਦਾ ਸੇਵਨ ਲਹੂ ਨੂੰ ਪਤਲਾ ਕਰਦਾ ਹੈ। ਲਸਣ ਦਰਦ ਨਾਸ਼ਕ, ਬਲਗਮ, ਦਮਾ, ਸ਼ੂਗਰ, ਦਸਤ, ਬੁਖਾਰ, ਕੈਂਸਰ, ਪਿੱਤੇ ਦੀ ਪਥਰੀ, ਪਥਰੀ ਕਿਟਾਣੂੰਨਾਸ਼ਕ, ਸੋਜ਼ ਨੂੰ ਠੀਕ ਕਰਨ ਵਾਲਾ, ਕਾਮ ਸ਼ਕਤੀ ਵਧਾਉਣ ਵਾਲਾ ਸੰਕਰਮਣ ਨੂੰ ਰੋਕਣ ਵਾਲਾ, ਫੋੜੇ ਫੁੰਨਸੀਆਂ, ਗੰਢਾਂ ਨੂੰ ਖਤਮ ਕਰਨ ਵਾਲਾ, ਪੇਸ਼ਾਬ ਦਾ ਬੰਨ੍ਹ ਤੋੜਨ ਵਾਲਾ, ਕਿੱਲ-ਮੁਹਾਸੇ ਮਿਟਾਉਣ ਵਾਲਾ, ਖ਼ੂਨ ਦੀ ਘਾਟ ਪੂਰੀ ਕਰਨ ਵਾਲਾ, ਤੇਜ਼ਾਬੀ ਮਾਦੇ ਤੋਂ ਪੈਦਾ ਹੋਣ ਵਾਲੇ ਵਿਕਾਰਾਂ ਨੂੰ ਰੋਕਣ ਵਾਲਾ, ਲੱਕ ਦਾ ਦਰਦ ਹਟਾਉਣ ਵਾਲਾ, ਸੈਕੜੇ ਰੋਗਾਂ ਦਾ ਇਲਾਜ ਕਰਨ ਵਾਲੇ, ਜ਼ਹਿਰੀਲੇ ਕੀੜੇ ਮਕੌੜਿਆਂ ਦੇ ਡੰਗ ਮਾਰਨ ਨਾਲ ਪੈਦਾ ਹੋਣ ਵਾਲੇ ਦਰਦ ਨੂੰ ਘੱਟ ਕਰਨ ਵਾਲਾ, ਹੱਡੀਆਂ ਭਾਵ ਜੋੜਾਂ ਦੇ ਦਰਦ ਨੂੰ ਖਤਮ ਕਰਨ ਵਾਲਾ, ਦਿਮਾਗੀ ਰੋਗਾਂ ਨੂੰ ਠੀਕ ਕਰਨ ਵਾਲਾ, ਦਿਮਾਗੀ ਫੋੜੇ ਤੋਂ ਨਵਿਰਤੀ ਦਿਵਾਉਣ ਵਾਲਾ, ਕਬਜ਼ ਨੂੰ ਦੂਰ ਕਰਨ ਵਾਲਾ, ਮਿਰਗੀ, ਔਰਤਾਂ ਨੂੰ ਸਫੈਦ ਪਾਣੀ ਆਉਣਾ (ਪੈੜਾ), ਪੇਟ ਦੇ ਰੋਗ, ਟੀ. ਬੀ., ਟੇਟਨਸ (ਧਨੁੱਖਵਾਅ) ਵਰਗੀਆਂ ਅਨੇਕਾਂ ਅਲਾਮਤਾਂ ਨੂੰ ਠੀਕ ਕਰਨ ਵਾਲੇ ਗੁਣਾਂ ਨਾਲ ਭਰਪੂਰ ਹੈ।

• ਸਰੀਰ ਵਿਚ ਕਿਸੇ ਕਿਸਮ ਦੇ ਕਸ਼ਟ ਵਿਚ ਕੱਚਾ ਲਸਣ ਪਾਣੀ ਨਾਲ ਜਾਂ ਇਸਦਾ ਰਸ ਬਹੁਤ ਹੀ ਘੱਟ ਮਾਤਰਾ ਵਿਚ ਸੇਵਨ ਕਰਨ ਨਾਲ ਫ਼ਾਇਦਾ ਹੁੰਦਾ ਹੈ।

• ਲਸਣ ਨੂੰ ਬਨਸਪਤੀ ਵਿਗਿਆਨੀ ਏਲੀਅਮ ਸਟਾਈਵਮ (AlliumSativum) ਆਖਦੇ ਹਨ।

## ਸੰਤਰਾ (Orange)



• ਸੰਤਰਾ ਸਿਹਤਵਰਧਕ ਹੁੰਦਾ ਹੈ। ਇਹ ਸ਼ਰੀਰ ਦੀ ਸਫ਼ਾਈ ਕਰਨ ਵਾਲਾ ਹੁੰਦਾ ਹੈ। ਇਸ ਵਿੱਚ ਬਹੁਤ ਸਾਰੇ ਰੋਗਾਂ ਨੂੰ ਠੀਕ ਕਰਨ ਦੇ ਗੁਣ ਹੁੰਦੇ ਹਨ, ਇਸਦਾ ਖੱਟਾ ਮਿੱਠਾ ਸਵਾਦ ਸਾਰਿਆਂ ਦੇ ਮਨ ਨੂੰ ਭਾਉਂਦਾ ਹੈ। ਇਸ ਵਿੱਚ ਮੌਜੂਦ ਪੈਕਟਿਨ ਕੋਲੈਸਟਰੋਲ ਘਟਾਉਂਦੀ ਹੈ ਅਤੇ ਧਮਣੀਆਂ ਦੀ ਸੁਰੱਖਿਆ ਕਰਨ ਵਿੱਚ ਸਹਾਈ ਹੁੰਦੀ ਹੈ। ਇਹ ਤੇਜ਼ਾਬੀ ਮਾਦੇ ਨੂੰ ਵੀ ਬਣਨ ਤੋਂ ਰੋਕਦਾ ਹੈ। ਸੰਤਰੇ ਨੂੰ ਨਾਰੰਗੀ ਵੀ ਆਖਦੇ ਹਨ।

1. ਸੰਤਰੇ ਦੇ ਸੁੱਕੇ ਛਿਲਕੇ ਪੀਸਕੇ ਗੁਲਾਬਜਲ ਵਿੱਚ ਮਿਲਾਕੇ ਪੇਸਟ ਬਣਾਕੇ ਹਰ ਰੋਜ਼ ਚਿਹਰੇ ਤੇ ਮਲਦੇ ਰਹਿਣ ਨਾਲ ਚੇਚਕ ਦੇ ਦਾਗ ਅਤੇ ਕਿੱਲ ਮੁੰਹਾਸੇ ਖ਼ਤਮ ਹੋ ਜਾਂਦੇ ਹਨ।

2. ਵਾਰ-ਵਾਰ ਪਿਆਸ ਲੱਗਣ ਨੂੰ ਰੋਕਣ ਲਈ ਸੰਤਰੇ ਦਾ ਰਸ ਪਿਲਾਉਣਾ ਚਾਹੀਦਾ ਹੈ।

3. ਸੰਤਰੇ ਦਾ ਸੇਵਨ ਪੇਸ਼ਾਬ ਦਾ ਪੀਲਾਪਣ ਦੂਰ ਕਰਦਾ ਹੈ ਅਤੇ ਪੇਸ਼ਾਬ ਦੀ ਜਲਣ ਨੂੰ ਰੋਕਦਾ ਹੈ।

4. ਕਬਜ਼ ਪੀਲੀਆ, ਬਦਹਜ਼ਮੀ, ਗੈਸ ਆਦਿ ਵਿੱਚ ਸੁਬਾਹ ਇੱਕ ਗਲਾਸ ਸੰਤਰੇ ਦਾ ਰਸ ਪੀਣ ਨਾਲ ਅੰਤੜੀਆਂ ਸਾਫ਼ ਹੋ ਜਾਂਦੀਆਂ ਹਨ।

5. ਸੰਤਰਾ ਖਾਣ ਨਾਲ ਜਖ਼ਮ ਛੇਤੀ ਭਰਦੇ ਹਨ।

6. ਸੰਤਰੇ ਸੁੱਕੇ ਛਿਲਕੇ ਪੀਸਕੇ ਮੰਜਨ ਕਰਨ ਨਾਲ ਦੰਦਾਂ ਅਤੇ ਮਸੂੜਿਆਂ ਵਿੱਚੋਂ ਲਹੂ ਵਗਣਾ ਬੰਦ ਹੋ ਜਾਂਦਾ ਹੈ।

7. ਗਰਭਕਾਲ ਸਮੇਂ ਹਰ ਰੋਜ਼ ਦੋ ਸੰਤਰੇ ਖਾਣ ਨਾਲ ਹੋਣ ਵਾਲੀ ਸੰਤਾਨ ਸੁੰਦਰ ਹੁੰਦੀ ਹੈ।

8. ਸਾਹ, ਟੀ. ਬੀ. ਦਿਲ ਅਤੇ ਛਾਤੀ ਦੇ ਰੋਗਾਂ ਵਿੱਚ ਵੀ ਸੰਤਰੇ ਦਾ ਸੇਵਨ ਗੁਣਕਾਰੀ ਹੁੰਦਾ ਹੈ।

9. ਬੱਚਿਆਂ ਦੇ ਦਸਤਾਂ ਵਿੱਚ ਸੰਤਰੇ ਦਾ ਰਸ ਦੁੱਧ ਵਿੱਚ ਮਿਲਾਕੇ ਪਿਲਾਉਣ ਨਾਲ ਲਾਭ ਹੁੰਦਾ ਹੈ।

10. ਜਿੱਥੇ ਖਟਮਲ ਹੋਣ, ਉਥੇ ਸੰਤਰੇ ਦੇ ਛਿਲਕੇ ਰੱਖਣ ਨਾਲ ਖਟਮਲ ਨਹੀਂ ਰਹਿੰਦੇ।

11. ਸੰਤਰੇ ਦਾ ਸੇਵਨ ਸੰਨਾਯੂਤੰਤਰ ਨੂੰ ਸ਼ਕਤੀ ਦਿੰਦਾ ਹੈ। ਤਣਾਉ-ਗ੍ਰਸਤ ਵਿਅਕਤੀਆਂ ਲਈ ਸੰਤਰੇ ਦਾ ਸੇਵਨ ਲਾਭਦਾਇਕ ਹੁੰਦਾ ਹੈ।

12. ਨਾਸਤੇ ਤੋਂ ਪਹਿਲਾਂ ਸੰਤਰਾ ਖਾਣ ਨਾਲ ਸ਼ਾਰਾਬ ਪੀਣ ਦੀ ਇੱਛਾ (ਭੱਲ) ਘਟਦੀ ਹੈ।

13. ਉਲਟੀ ਆਉਣਾ, ਜੀ ਕੱਚਾ ਹੋਣਾ, ਬੱਸ ਵਿੱਚ ਸਫ਼ਰ ਕਰਦੇ ਸਮੇਂ, ਸੰਤਰੇ ਦਾ ਸੇਵਨ ਲਾਭ ਪਹੁੰਚਾਉਂਦਾ ਹੈ।

14. ਸੰਤਰੇ ਦੇ ਫੁੱਲਾਂ ਦਾ ਅਰਕ ਪਿਲਾਉਣ ਨਾਲ ਹਿਸਟੇਰੀਆ ਦੇ ਦੌਰੇ ਪੈਣੇ ਬੰਦ ਹੋ ਜਾਂਦੇ ਹਨ।

# ਤੇਂਦੁਲਕਰ ਦੀਆਂ ਵੀਡੀਓਜ਼ ਦੇਖ ਕੇ ਕਾਫੀ ਪ੍ਰੇਰਣਾ ਮਿਲੀ : ਸ਼ੈਫਾਲੀ



ਨਾਟਿੰਘਮ- ਭਾਰਤੀ ਟੀਮ ਵਿਚ ਵਾਪਸੀ ਕਰ ਰਹੀ ਸ਼ੈਫਾਲੀ ਵਰਮਾ ਨੇ ਕਿਹਾ ਕਿ ਟੀਮ ਵਿਚੋਂ ਬਾਹਰ ਰਹਿਣ ਦੌਰਾਨ ਉਸ ਨੇ ਟੈਸਟ ਕ੍ਰਿਕਟ ਵਿਚ ਸਚਿਨ ਤੇਂਦੁਲਕਰ ਦੀ ਬੱਲੇਬਾਜ਼ੀ ਦੀਆਂ ਕਾਫੀ ਵੀਡੀਓਜ਼ ਦੇਖੀਆਂ, ਜਿਸ ਨਾਲ ਹਰ ਗੇਂਦ ਨੂੰ ਉਸਦੀ ਮੈਰਿਟ ਦੇ ਆਧਾਰ ’ਤੇ ਖੇਡਣ ਦਾ ਮਹੱਤਵ ਸਮਝ ਵਿਚ ਆਇਆ। ਖਰਾਬ ਫਾਰਮ ਕਾਰਨ ਪਿਛਲੇ ਸਾਲ ਸ਼ੈਫਾਲੀ ਨੂੰ ਟੀਮ ਵਿਚੋਂ ਬਾਹਰ ਕਰ ਦਿੱਤਾ ਗਿਆ ਸੀ।

ਸ਼ੈਫਾਲੀ ਨੇ ਇੱਥੇ ਕਿਹਾ, ‘‘ਪਹਿਲਾਂ ਮੈਂ ਹਰ ਗੇਂਦ ’ਤੇ ਚੌਕਾ ਜਾਂ ਛੱਕਾ ਮਾਰਨ ਦੇ ਬਾਰੇ ਵਿਚ ਸੋਚਦੀ ਸੀ ਪਰ ਫਿਰ ਮੈਨੂੰ ਸਮਝ ਵਿਚ ਆਇਆ ਕਿ ਚੰਗੀ ਗੇਂਦ ਦਾ ਸਨਮਾਨ ਕਰਨਾ ਬਹੁਤ ਜ਼ਰੂਰੀ ਹੈ। ਮੈਂ ਸਚਿਨ ਸਰ ਦੀਆਂ ਟੈਸਟ ਪਾਰੀਆਂ ਦੇਖੀਆਂ ਤੇ ਉਨ੍ਹਾਂ ਤੋਂ ਕਾਫੀ ਪ੍ਰੇਰਣਾ ਮਿਲੀ।’’

ਉਸ ਨੇ ਕਿਹਾ, ‘‘ਇਸ ਨਾਲ ਮੈਨੂੰ ਬਚਪਨ ਦੇ ਦਿਨ ਯਾਦ ਆ ਗਏ ਜਦੋਂ ਮੈਂ ਉਸਦਾ ਇਕ ਵੀ ਮੈਚ ਨਹੀਂ ਛੱਡਦੀ ਸੀ। ਮੈਂ ਹਰ ਮੈਚ ਫਿਰ ਤੋਂ ਦੇਖਿਆ। ਉਸ ਨੂੰ ਦੇਖ ਕੇ ਮੈਂ ਸਿੱਖਿਆ ਕਿ ਚੰਗੀ ਗੇਂਦ ਨੂੰ ਸਨਮਾਨ ਦੇ ਕੇ ਹੀ ਚੰਗੀਆਂ ਪਾਰੀਆਂ ਖੇਡੀਆਂ ਜਾ ਸਕਦੀਆਂ ਹਨ।’’

ਘਰੇਲੂ ਕ੍ਰਿਕਟ ਤੇ ਮਹਿਲਾ ਪ੍ਰੀਮੀਅਰ ਲੀਗ ਵਿਚ ਸ਼ਾਨਦਾਰ ਪ੍ਰਦਰਸ਼ਨ ਕਰ ਕੇ 21 ਸਾਲਾ ਸ਼ੈਫਾਲੀ ਨੇ ਟੀਮ ਵਿਚ ਵਾਪਸੀ ਕੀਤੀ। ਉਸ ਨੇ ਕਿਹਾ ਕਿ ਵਾਪਸੀ ਕਰਨਾ ਸੌਖਾਲਾ ਨਹੀਂ ਹੁੰਦਾ ਤੇ ਪਿਛਲੇ ਸਾਲ ਟੀਮ ਚੋਣ ਤੋਂ 10 ਦਿਨ ਪਹਿਲਾਂ ਉਸਦੇ ਪਿਤਾ ਨੂੰ ਦਿਲ ਦਾ ਦੌਰਾ ਪੈਣ ਨਾਲ ਇਹ ਹੋਰ ਮੁਸ਼ਕਿਲ ਹੋ ਗਿਆ ਸੀ।

ਸ਼ੈਫਾਲੀ ਨੂੰ ਪਿਛਲੇ ਸਾਲ ਨਵੰਬਰ ਵਿਚ ਆਸਟ੍ਰੇਲੀਆ ਵਿਰੁੱਧ 3 ਮੈਚਾਂ ਦੀ ਵਨ ਡੇ ਲੜੀ ਲਈ ਟੀਮ ਵਿਚ ਜਗ੍ਹਾ ਨਹੀਂ ਮਿਲੀ ਸੀ।

## ਨੀਰਜ ਚੋਪੜਾ ਜੈਵਲਿਨ ਥ੍ਰੋਅ ਰੈਂਕਿੰਗ ’ਚ ਫਿਰ ਤੋਂ ਚੋਟੀ ’ਤੇ



ਲੁਸਾਨੇ - ਭਾਰਤੀ ਐਥਲੀਟ ਨੀਰਜ ਚੋਪੜਾ ਇਕ ਵਾਰ ਫਿਰ ਤੋਂ ਜੈਵਲਿਨ ਥ੍ਰੋਅ ਰੈਂਕਿੰਗ ਵਿਚ ਚੋਟੀ ’ਤੇ ਪਹੁੰਚ ਗਿਆ ਹੈ। ਵਿਸ਼ਵ ਐਥਲੈਟਿਕਸ ਵੱਲੋਂ ਜਾਰੀ ਤਾਜ਼ਾ ਰੈਂਕਿੰਗ ਵਿਚ ਨੀਰਜ ਇਕ ਵਾਰ ਫਿਰ ਦੁਨੀਆ ਦਾ ਨੰਬਰ-1 ਜੈਵਲਿਨ ਥ੍ਰੋਅਰ ਬਣ ਗਿਆ ਹੈ। ਸਤੰਬਰ 2024 ਵਿਚ ਗ੍ਰੇਨੇਡਾ ਦੇ ਐਂਡਰਸਨ ਪੀਟਰਸ ਨੇ ਨੀਰਜ ਨੂੰ ਪਛਾੜ ਕੇ ਪਹਿਲਾ ਸਥਾਨ ਹਾਸਲ ਕਰ ਲਿਆ ਸੀ।

ਇਸ ਹਫਤੇ ਦੀ ਸ਼ੁਰੂਆਤ ਵਿਚ ਜਾਰੀ ਰੈਂਕਿੰਗ ਵਿਚ ਨੀਰਜ ਕੋਲ ਐਂਡਰਸਨ ਪੀਟਰਸ ਦੇ 1431 ਦੀ ਤੁਲਨਾ ਵਿਚ 1445 ਰੈਂਕਿੰਗ ਅੰਕ ਹਨ। ਜਰਮਨੀ ਦਾ ਜੂਲੀਅਨ ਵੈੱਬਰ ਰੈਂਕਿੰਗ ਵਿਚ ਤੀਜੇ ਸਥਾਨ ’ਤੇ ਹੈ ਜਦਕਿ ਪੈਰਿਸ ਓਲੰਪਿਕ ਸੋਨ ਤਮਗਾ ਜੇਤੂ ਪਾਕਿਸਤਾਨ ਦਾ ਅਰਸ਼ਦ ਨਦੀਮ 1370 ਅੰਕਾਂ ਨਾਲ ਚੌਥੇ ਸਥਾਨ ’ਤੇ ਹੈ। ਨੀਰਜ ਨੇ ਇਸ ਸਾਲ ਲਗਾਤਾਰ ਚੰਗਾ ਪ੍ਰਦਰਸ਼ਨ ਕੀਤਾ ਹੈ।

ਨੀਰਜ ਨੇ ਅਪ੍ਰੈਲ ਵਿਚ ਦੱਖਣੀ ਅਫਰੀਕਾ ਵਿਚ ਪੋਚ ਇਨਵੀਟੇਸ਼ਨਲ ਜਿੱਤਿਆ ਤੇ ਮਈ ਵਿਚ ਦੋਹਾ ਡਾਇਮੰਡ ਲੀਗ ਵਿਚ ਦੂਜਾ ਸਥਾਨ ਹਾਸਲ ਕੀਤਾ। ਉਸ ਨੇ ਦੋਹਾ ਵਿਚ 90.23 ਮੀਟਰ ਦਾ ਨਵਾਂ ਰਾਸ਼ਟਰੀ ਰਿਕਾਰਡ ਬਣਾਇਆ ਤੇ ਵੱਕਾਰੀ 90 ਮੀਟਰ ਕਲੱਬ ਵਿਚ ਪ੍ਰਵੇਸ਼ ਕੀਤਾ। ਉਸ ਨੇ ਇਸ ਹਫਤੇ ਦੀ ਸ਼ੁਰੂਆਤ ਵਿਚ ਓਸਟ੍ਰਾਵਾ ਗੋਲਡਨ ਸਪਾਈਕ ਦਾ ਖਿਤਾਬ ਵੀ ਆਪਣੇ ਨਾਂ ਕੀਤਾ।

## ਭਾਰਤੀ ਮਹਿਲਾ ਹਾਕੀ ਟੀਮ ਦਾ ਖਰਾਬ ਪ੍ਰਦਰਸ਼ਨ ਜਾਰੀ, ਚੀਨ ਹੱਥੋਂ 0-3 ਨਾਲ ਹਾਰੀ

ਬਰਲਿਨ- ਭਾਰਤੀ ਮਹਿਲਾ ਹਾਕੀ ਟੀਮ ਨੂੰ ਸ਼ਨੀਵਾਰ ਨੂੰ ਐੱਫ. ਆਈ. ਐੱਚ. ਪ੍ਰੋ ਲੀਗ ਦੇ ਯੂਰਪੀਅਨ ਪੜਾਅ ਵਿਚ ਚੀਨ ਵਿਰੁੱਧ 0-3 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਟੀਮ ਲਗਾਤਾਰ 7ਵੀਂ ਹਾਰ ਤੋਂ ਬਾਅਦ ਟੂਰਨਾਮੈਂਟ ਦੇ ਚੋਟੀ ਪੱਧਰ ਤੋਂ ਬਾਹਰ ਹੋਣ ਦੀ ਕਗਾਰ ’ਤੇ ਹੈ।



ਇਸ ਹਾਰ ਤੋਂ ਬਾਅਦ ਭਾਰਤ 15 ਮੈਚਾਂ ਵਿਚੋਂ 10 ਅੰਕਾਂ ਨਾਲ 9 ਟੀਮਾਂ ਦੀ ਅੰਕ ਸੂਚੀ ਵਿਚ ਸਭ ਤੋਂ ਹੇਠਲੇ ਸਥਾਨ ’ਤੇ ਹੈ। ਇੰਗਲੈਂਡ 14 ਮੈਚਾਂ ਵਿਚੋਂ 11 ਅੰਕਾਂ ਨਾਲ ਭਾਰਤ ਤੋਂ ਇਕ ਸਥਾਨ ਉੱਪਰ ਹੈ। ਚੇਨ ਯਾਂਗ (21ਵੇਂ ਮਿੰਟ) ਤੇ ਝਾਂਗ ਯਿੰਗ (26ਵੇਂ ਮਿੰਟ) ਨੇ ਪੈਨਲਟੀ ਕਾਰਨਰ ਨਾਲ ਗੋਲ ਕੀਤੇ ਜਦਕਿ ਆਨਹੁਲ ਯੂ (45ਵੇਂ ਮਿੰਟ) ਨੇ ਮੈਦਾਨੀ ਗੋਲ ਕਰ ਕੇ ਭਾਰਤ ਵਿਰੁੱਧ ਚੀਨ ਨੂੰ ਯਾਦਗਾਰ ਜਿੱਤ ਦਿਵਾਈ। ਭਾਰਤੀ ਟੀਮ ਐਤਵਾਰ ਨੂੰ ਆਪਣੇ ਆਖਰੀ ਮੈਚ ਵਿਚ ਇਕ ਵਾਰ ਫਿਰ ਤੋਂ ਚੀਨ ਦਾ ਸਾਹਮਣਾ ਕਰੇਗੀ।

# ‘ਮੈਂ ਪੂਰੀ ਜ਼ਿੰਮੇਵਾਰੀ ਲੈਂਦਾ ਹਾਂ...’, ਲੀਡਸ ਟੈਸਟ ਮਗਰੋਂ ਬੁਰੀ ਤਰ੍ਹਾਂ ਟੁੱਟਿਆ ਇਹ ਖਿਡਾਰੀ, ਮੰਨੀ ਆਪਣੀ ਗਲਤੀ



ਟੀਮ ਇੰਡੀਆ ਨੇ ਪਹਿਲਾ ਟੈਸਟ ਮੈਚ ਇੰਗਲੈਂਡ ਦੇ ਖਿਲਾਫ ਲੀਡਸ ‘ਚ ਖੇਡਿਆ ਸੀ। ਇਸ ਮੈਚ ਨੂੰ ਇੰਗਲੈਂਡ ਨੇ 5 ਵਿਕਟਾਂ ਨਾਲ ਆਪਣੇ ਨਾਂ ਕੀਤਾ। ਟੀਮ ਇੰਡੀਆ ਵੱਲੋਂ ਪ੍ਰਸਿੱਧ ਕ੍ਰਿਸ਼ਨਾ ਨੇ ਕਾਫੀ ਖਰਾਬ ਗੇਂਦਬਾਜ਼ੀ ਕੀਤੀ ਅਤੇ ਉਨ੍ਹਾਂ ਦੀ ਕਾਫੀ ਨਿੰਦਾ ਵੀ ਹੋ ਰਹੀ ਹੈ। ਹੁਣ ਪ੍ਰਸਿੱਧ ਕ੍ਰਿਸ਼ਨਾ ਨੇ ਇਸ ਮੈਚ ‘ਚ ਆਪਣੇ ਖਰਾਬ ਪ੍ਰਦਰਸ਼ਨ ਨੂੰ ਲੈ ਕੇ ਵੱਡੀ ਗੱਲ ਆਖੀ ਹੈ। ਕ੍ਰਿਸ਼ਨਾ ਖੁਦ ਆਪਣੀ ਗੇਂਦਬਾਜ਼ੀ ਤੋਂ ਕਾਫੀ ਨਿਰਾਸ਼ ਹੈ। ਦੱਸ ਦੇਈਏ ਕਿ ਭਾਰਤੀ ਤੇਜ਼ ਗੇਂਦਬਾਜ਼ ਨੇ ਇਸ ਮੈਚ ‘ਚ ਦੋਵਾਂ ਪਾਰੀਆਂ ਨੂੰ ਮਿਲਾ ਕੇ 220 ਦੌੜਾਂ ਦਿੱਤੀਆਂ ਸਨ ਅਤੇ 5 ਵਿਕਟਾਂ ਲਈਆਂ ਸਨ। ਪਹਿਲੀ ਪਾਰੀ ‘ਚ ਉਨ੍ਹਾਂ ਨੇ ਤਿੰਨ ਵਿਕਟਾਂ ਲਈਆਂ ਸਨ ਜਦੋਂਕਿ ਦੂਜੀ ਪਾਰੀ ‘ਚ ਕ੍ਰਿਸ਼ਨਾ ਨੇ ਦੋ ਵਿਕਟਾਂ ਹਾਸਿਲ ਕੀਤੀਆਂ। ਉਨ੍ਹਾਂ ਨੇ ਇਹ ਦੌੜਾਂ 6.40 ਦੀ ਇਕੋਨਮੀ ਨਾਲ ਦਿੱਤੀਆਂ।

ਬਰਮਿੰਘਮ ਵਿੱਚ ਖੇਡੇ ਜਾਣ ਵਾਲੇ ਦੂਜੇ ਟੈਸਟ ਮੈਚ ਤੋਂ ਪਹਿਲਾਂ ਪ੍ਰੈਸ ਕਾਨਫਰੰਸ ਵਿੱਚ ਪ੍ਰਸਿਧ ਕ੍ਰਿਸ਼ਨਾ ਨੇ ਕਿਹਾ, ‘ਜੇਕਰ ਅਸੀਂ ਪਹਿਲੀ ਪਾਰੀ ਦੀ ਗੱਲ ਕਰੀਏ, ਤਾਂ ਮੈਂ ਉਸ ਥਾਂ ਤੋਂ ਥੋੜ੍ਹੀ ਘੱਟ ਗੇਂਦਬਾਜ਼ੀ ਕੀਤੀ ਜਿੱਥੇ ਮੈਨੂੰ ਕਰਨੀ ਚਾਹੀਦੀ ਸੀ। ਦੂਜੀ ਪਾਰੀ ਵਿੱਚ ਇਹ ਥੋੜ੍ਹਾ ਬਿਹਤਰ ਹੋਇਆ ਕਿਉਂਕਿ ਵਿਕਟ ਵੀ ਹੌਲੀ ਸੀ। ਜਦੋਂ ਵੀ ਮੈਂ ਵਿਕਟ ਲੈਣ ਬਾਰੇ ਸੋਚ ਰਿਹਾ ਸੀ, ਮੈਂ ਗੇਂਦ ਨੂੰ ਥੋੜ੍ਹਾ ਅੱਗੇ ਸੁੱਟ ਰਿਹਾ ਸੀ, ਪਰ ਮੈਂ ਕਹਾਂਗਾ ਕਿ ਮੈਂ ਗੇਂਦ ਨੂੰ ਉਸ ਲੈਂਥ ‘ਤੇ ਨਹੀਂ ਸੁੱਟਿਆ ਜਿੱਥੇ ਮੈਨੂੰ ਕਰਨੀ ਚਾਹੀਦੀ ਸੀ। ਮੈਂ ਉਸ ਪਾਸੇ ਦੀ ਢਲਾਣ ਦਾ ਆਦੀ ਨਹੀਂ ਹਾਂ ਅਤੇ ਇਸ ਲਈ ਜ਼ਰੂਰ ਕੁਝ ਸਮਾਂ ਲੱਗੇਗਾ।

ਪਰ ਸਾਨੂੰ ਪੇਸ਼ੇਵਰ ਤੌਰ ‘ਤੇ ਗੱਲ ਕਰਨੀ ਚਾਹੀਦੀ ਹੈ ਅਤੇ ਮੈਂ ਇਸਦੀ ਪੂਰੀ ਜ਼ਿੰਮੇਵਾਰੀ ਲੈਂਦਾ ਹਾਂ। ਮੈਨੂੰ ਉਮੀਦ ਹੈ ਕਿ ਮੈਂ ਅਗਲੀ ਵਾਰ ਚੰਗੀ ਗੇਂਦਬਾਜ਼ੀ ਕਰਾਂਗਾ।‘

ਪ੍ਰਸਿਧ ਕ੍ਰਿਸ਼ਨਾ ਨੇ ਅੱਗੇ ਕਿਹਾ, ‘ਜਦੋਂ ਵੀ ਮੈਂ ਗੇਂਦਬਾਜ਼ੀ ਕਰਨ ਆ ਰਿਹਾ ਸੀ, ਮੈਂ ਮੇਡਨ ਗੇਂਦਬਾਜ਼ੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਂ ਬਿਲਕੁਲ ਵੀ ਬਾਊਂਡਰੀ ਨਹੀਂ ਦੇਣਾ ਚਾਹੁੰਦਾ ਸੀ ਪਰ ਆਊਟਫੀਲਡ ਤੇਜ਼ ਸੀ ਅਤੇ ਮੈਂ ਬਹੁਤ ਮਾੜੀ ਗੇਂਦਬਾਜ਼ੀ ਕੀਤੀ।

ਮੈਂ ਉਨ੍ਹਾਂ ‘ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਅਜਿਹਾ ਕਰਨ ਵਿੱਚ ਅਸਫਲ ਰਿਹਾ। ਮੀਂਹ ਕਾਰਨ ਗੇਂਦ ਵੀ ਗਿੱਲੀ ਹੋ ਗਈ ਸੀ ਅਤੇ ਇਸ ਕਾਰਨ ਇੰਗਲੈਂਡ ਦੇ ਬੱਲੇਬਾਜ਼ਾਂ ਨੂੰ ਵੀ ਬਹੁਤ ਮਦਦ ਮਿਲੀ।‘

# WHITE ROSE BUILDERS

*We do not build houses, We create homes...*

## Proudly Celebrating

# 20 Years in Business

DREAMLINE HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER www.dbh.govt.nz BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED